ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/19489582124531/

https://youtu.be/LQwolgxDu7I

awazeqaumtvpunjab@gmail.com

ਐਤਵਾਰ, 10 ਮਾਰਚ 2024 (ਨਾਨਕਸ਼ਾਹੀ ਸੰਮਤ : ੫੫੫, ੨੭ ਫੱਗਣ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ.ਕੇ., ਸੰਪਰਕ : +447458381111, +447976210161, +919729091243




## ਸ਼ਹਿਨਾਜ਼ ਗਿੱਲ ਦੇ ਪਿਤਾ ਨੂੰ ਮੁੜ ਮਿਲੀ ਧਮਕੀ-ਕਿਹਾ-50 ਲੱਖ ਦੇ ਦਿਓ ਨਹੀਂ ਤਾਂ ਸੂਰੀ ਵਾਂਗ ਮਾਰ ਦਿਆਂਗੇ

ਅੰਮ੍ਰਿਤਸਰ, 9 ਮਾਰਚ (ਆਵਾਜ਼ਿ ਕੌਮ ਬਿਊਰੋ)-ਬਾਲੀਵੁੱਡ ਅਦਾਕਾਰਾ ਅਤੇ ਬਿੱਗ ਬੌਸ 13 ਦੀ ਪ੍ਰਤੀਯੋਗੀ ਸ਼ਹਿਨਾਜ਼ ਗਿੱਲ ਦੇ ਪਿਤਾ ਸੰਤੋਖ ਸਿੰਘ ਨੂੰ ਜਾਨੋਂ ਮਾਰਨ ਦੀ ਧਮਕੀ ਮਿਲੀ ਹੈ। ਸ਼ਨੀਵਾਰ ਸਵੇਰੇ ਉਸਨੂੰ ਇੱਕ ਵਟਸਐਪ ਕਾਲ ਆਈ। ਫੋਨ ਕਰਨ ਵਾਲੇ ਨੇ ਪਾਕਿਸਤਾਨੀ ਨਾਗਰਿਕ ਹੋਣ ਦਾ ਦਾਅਵਾ ਕੀਤਾ ਅਤੇ 50 ਲੱਖ ਰੁਪਏ ਦੀ ਫਿਰੌਤੀ ਦੀ ਮੰਗ ਕੀਤੀ। ਸ਼ਹਿਨਾਜ਼ ਗਿੱਲ ਅੰਮ੍ਰਿਤਸਰ ਦੀ ਰਹਿਣ ਵਾਲੀ ਹੈ। ਫਿਰੌਤੀ ਦੀ ਮੰਗ ਕਰਨ ਵਾਲੇ ਵਿਅਕਤੀ ਨੇ ਕਿਹਾ ਕਿ ਉਸ ਕੋਲ ਸਾਰੀ ਜਾਣਕਾਰੀ ਹੈ, ਉਹ ਕਿੱਥੇ ਰਹਿੰਦਾ ਹੈ ਅਤੇ ਕੀ ਕਰਦਾ ਹੈ। ਤੁਹਾਡੀ ਧੀ ਨੇ ਬਹੁਤ ਪੈਸਾ ਕਮਾਇਆ ਹੈ। ਪਹਿਲਾਂ ਧੀ ਨੂੰ ਮਾਰ ਦੇਣਗੇ ਤੇ ਫਿਰ ਤੈਨੂੰ। ਜੇ ਤੁਸੀਂ ਆਪਣੇ ਪਰਿਵਾਰ ਦੀ ਸੁਰੱਖਿਆ ਚਾਹੁੰਦੇ ਹੋ ਤਾਂ ਉਨ੍ਹਾਂ ਨੂੰ ਪੈਸੇ ਦਿਓ। ਮਾਈਨਿੰਗ ਦੇ ਮਾਮਲੇ ਵਿੱਚ ਲੱਤ ਨਾ ਫਸਾ. ਸਿੱਖ ਹੋ ਕੇ ਹਿੰਦੂਆਂ ਦੀ ਸਪੋਰਟ ਨਾ ਕਰ। ਪਹਿਲਾਂ ਸੂਰੀ ਨੂੰ ਮਾਰਿਆ ਸੀ, ਹੁਣ ਤੇਰੀ ਵਾਰੀ ਹੈ। ਦੂਜੇ ਪਾਸੇ ਥਾਣਾ ਬਿਆਸ ਦੇ ਐਸਐਚਓ ਗੁਰਵਿੰਦਰ ਸਿੰਘ ਨੇ ਕਿਹਾ ਕਿ ਇਸ ਮਾਮਲੇ ਵਿੱਚ ਕੋਈ ਸ਼ਿਕਾਇਤ ਨਹੀਂ ਮਿਲੀ ਹੈ। ਜੇਕਰ ਸ਼ਿਕਾਇਤ ਮਿਲਦੀ ਹੈ ਤਾਂ ਕਾਰਵਾਈ ਕੀਤੀ ਜਾਵੇਗੀ। ਸੰਤੋਖ ਸਿੰਘ ਕੋਲ ਪਹਿਲਾਂ ਹੀ ਗੰਨਮੈਨ ਹਨ। ਜ਼ਿਕਰ ਕਰ ਦਈਏ ਕਿ ਸੰਤੋਖ ਸਿੰਘ ਸਾਲ 2021 ਵਿੱਚ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਲ ਹੋਏ ਸਨ। 25 ਦਸੰਬਰ 2021 ਨੂੰ ਅੰਮ੍ਰਿਤਸਰ 'ਚ ਸੰਤੋਖ 'ਤੇ 2 ਅਣਪਛਾਤੇ ਵਿਅਕਤੀਆਂ ਨੇ ਹਮਲਾ ਕੀਤਾ ਸੀ। ਇਨ੍ਹਾਂ ਲੋਕਾਂ ਨੇ ਸੰਤੋਖ 'ਤੇ ਗੋਲੀਆਂ ਚਲਾਈਆਂ। ਦੋਵੇਂ ਨੌਜਵਾਨ ਬਾਈਕ 'ਤੇ ਸਵਾਰ ਹੋ ਕੇ ਆਏ ਸਨ। ਸੰਤੋਖ ਇਸ ਹਮਲੇ ਵਿੱਚ ਵਾਲ-ਵਾਲ ਬਚ ਗਿਆ।

## ਸ਼ਹੀਦ ਭਾਈ ਨਿੱਝਰ ਕਤਲਕਾਂਡ ਨਾਲ ਜੁੜੀ ਨਵੀਂ ਵੀਡੀਓ ਹੋਈ ਜਾਰੀ

# ਕਤਲ ਵਿਚ ਸ਼ਾਮਿਲ ਹਨ 6 ਹਥਿਆਰਬੰਦ ਹਮਲਾਵਰ

ਨਵੀਂ ਦਿੱਲੀ 9 ਮਾਰਚ (ਮਨਪ੍ਰੀਤ ਸਿੰਘ ਖਾਲਸਾ):- ਕੈਨੇਡਾ ਵਿੱਚ ਸ਼ਹੀਦ ਭਾਈ ਹਰਦੀਪ ਸਿੰਘ ਨਿੱਝਰ ਦੇ ਕਤਲ ਦਾ ਇੱਕ ਨਵਾਂ ਸੀ.ਸੀ.ਟੀ.ਵੀ. ਸਾਹਮਣੇ ਆਇਆ ਹੈ ਜਿਸ 'ਚ ਹਥਿਆਰਬੰਦ ਲੋਕ ਭਾਈ ਨਿੱਝਰ 'ਤੇ ਗੋਲੀਆਂ ਚਲਾਉਂਦੇ ਨਜ਼ਰ ਆ ਰਹੇ ਹਨ। ਫਿਫਥ ਅਸਟੇਟ ਵਲੋਂ ਜਾਰੀ ਅਤੇ ਕੈਨੇਡੀਅਨ ਮੀਡੀਆ ਦੀ ਰਿਪੋਰਟ ਮੁਤਾਬਕ ਇਸ ਨੂੰ 'ਕਾਂਟਰੈਕਟ ਕਿਲਿੰਗ' ਦੱਸਿਆ ਗਿਆ ਹੈ। ਰਿਪੋਰਟ ਦੇ ਅਨੁਸਾਰ, ਉਕਤ ਵੀਡੀਓ ਦੀ ਸੁਤੰਤਰ ਤੌਰ 'ਤੇ ਕਈ ਸਰੋਤਾਂ ਦੁਆਰਾ ਪੁਸ਼ਟੀ ਕੀਤੀ ਗਈ ਹੈ। ਰਿਪੋਰਟ ਵਿੱਚ ਸਪੱਸ਼ਟ ਕਿਹਾ ਗਿਆ ਹੈ ਕਿ ਇਸ ਘਟਨਾ ਵਿੱਚ ਕੁੱਲ 6 ਲੋਕ ਸ਼ਾਮਲ ਸਨ। ਇਸ ਦੇ ਨਾਲ ਹੀ ਮੁਲਜ਼ਮ ਦੋ ਗੱਡੀਆਂ ਵਿੱਚ ਉਥੋਂ ਫਰਾਰ ਹੋ ਗਏ।



ਵੀਡੀਓ ਵਿੱਚ ਭਾਈ ਨਿੱਝਰ ਨੂੰ ਗੁਰਦੁਆਰੇ ਦੀ ਪਾਰਕਿੰਗ ਵਿੱਚੋਂ ਬਾਹਰ ਆਉਂਦੇ ਹੋਏ ਦਿਖਾਇਆ ਗਿਆ ਹੈ। ਜਿਵੇਂ ਹੀ ਉਹ ਬਾਹਰ ਨਿਕਲਣ ਦੇ ਨੇੜੇ ਸੀ, ਇੱਕ ਚਿੱਟੀ ਸੇਡਾਨ ਉਸਦੇ ਸਾਹਮਣੇ ਆਈ, ਜਿਸ ਨੇ ਉਸਦਾ ਰਸਤਾ ਰੋਕ ਲਿਆ। ਜਿਵੇਂ ਹੀ ਦੋ ਵਿਅਕਤੀ ਬਾਹਰ ਨਿਕਲੇ ਤਾਂ ਉਨ੍ਹਾਂ ਨੇ ਭਾਈ ਨਿੱਝਰ 'ਤੇ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਦੋ ਗਵਾਹ, ਜੋ ਘਟਨਾ ਦੇ ਸਮੇਂ ਨੇੜਲੇ ਮੈਦਾਨ ਵਿੱਚ ਫੁੱਟਬਾਲ ਖੇਡ ਰਹੇ ਸਨ। ਉਨ੍ਹਾਂ ਨੇ ਖੁਲਾਸਾ ਕੀਤਾ ਕਿ ਘਟਨਾ ਤੋਂ ਬਾਅਦ ਉਹ ਪਹਿਲਾਂ ਭਾਈ ਨਿੱਝਰ ਵੱਲ ਭੱਜੇ ਸਨ। ਉਸ ਨੇ ਹਮਲਾਵਰਾਂ ਦਾ ਪਿੱਛਾ ਕਰਨ ਦੀ ਵੀ ਕੋਸ਼ਿਸ਼ ਕੀਤੀ। ਪਰ ਕੁਝ ਹੱਥ ਨਹੀਂ ਲੱਗਾ। ਲਗਭਗ ਨੌਂ ਮਹੀਨੇ ਬਾਅਦ, ਆਰਸੀਐਮਪੀ ਨੇ ਅਜੇ ਤੱਕ ਭਾਈ ਨਿੱਝਰ ਦੀ ਮੌਤ ਦੇ ਸਬੰਧ ਵਿੱਚ ਸ਼ੱਕੀਆਂ ਦੇ ਨਾਮ ਜਾਂ ਗ੍ਰਿਫਤਾਰੀਆਂ ਨਹੀਂ ਕੀਤੀਆਂ ਹਨ। ਕੈਨੇਡੀਅਨ ਪੀਐਮ ਟਰੂਡੋ ਨੇ 18 ਸਤੰਬਰ ਨੂੰ ਹਾਊਸ ਆਫ਼ ਕਾਮਨਜ਼ ਵਿੱਚ ਭਾਰਤ ਸਰਕਾਰ ਦੇ ਏਜੰਟਾਂ 'ਤੇ ਇੱਕ ਕੈਨੇਡੀਅਨ ਨਾਗਰਿਕ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਦੇ ਵਿਚਕਾਰ ਇੱਕ ਸੰਭਾਵੀ ਸਬੰਧ ਦੇ ਭਰੋਸੇਯੋਗ ਦੋਸ਼ ਲਗਾਏ ਸਨ ਅਤੇ ਕਿਹਾ ਕਿ ਕੈਨੇਡੀਅਨ ਧਰਤੀ 'ਤੇ ਕੈਨੇਡੀਅਨ ਨਾਗਰਿਕ ਦੀ ਹੱਤਿਆ ਵਿੱਚ ਵਿਦੇਸ਼ੀ ਸਰਕਾਰ ਦੀ ਕੋਈ ਵੀ ਸ਼ਮੂਲੀਅਤ ਸਾਡੀ ਪ੍ਰਭੁਸੱਤਾ ਦੀ ਅਸਵੀਕਾਰਨਯੋਗ ਉਲੰਘਣਾ ਹੈ।

## ਕੈਨੇਡਾ ਵਿੱਚ ਭਾਰਤ ਸਰਕਾਰ ਪਿਛਲੇ ਜੂਨ ਵਿੱਚ ਘੱਟੋ-ਘੱਟ ਤਿੰਨ ਹੋਰ ਹੱਤਿਆਵਾਂ ਦੀ ਯੋਜਨਾ ਬਣਾ ਰਹੀ ਸੀ

ਜਿਕਰਯੋਗ ਹੈ ਅਮਰੀਕਾ ਵਲੋਂ ਐਸਐਫਜੇ ਦੇ ਵਕੀਲ ਗੁਰਪਤਵੰਤ ਪੰਨੂ ਦੇ ਕੱਤਲ ਦੀ ਸਾਜ਼ਿਸ਼ ਨੂੰ ਨਾਕਾਮ ਕਰ ਦਿੱਤਾ ਗਿਆ ਸੀ ਜਦੋਂ ਇਕ ਭਾਰਤੀ ਗੁਪਤਾ ਨੇ ਗਲਤੀ ਨਾਲ ਇੱਕ ਹਿੱਟਮੈਨ ਨੂੰ ਇੱਕ ਅਜਿਹੇ ਵਿਅਕਤੀ ਨੂੰ ਨਿਯੁਕਤ ਕਰਨ ਵਿੱਚ ਮਦਦ ਲਈ ਪਹੁੰਚ ਕੀਤੀ ਸੀ ਜੋ ਅਮਰੀਕੀ ਕਾਨੂੰਨ ਲਾਗੂ ਕਰਨ ਵਾਲੇ ਨੂੰ ਇੱਕ ਗੁਪਤ ਸੂਚਨਾ ਦੇਣ ਵਾਲਾ ਨਿਕਲਿਆ ਸੀ।

ਗੁਪਤਾ ਨੂੰ 30 ਜੂਨ, 2023 ਨੂੰ ਚੈਕ ਗਣਰਾਜ ਵਿੱਚ ਕਤਲ ਦੀ ਸਾਜ਼ਿਸ਼ ਰਚਣ ਦੇ ਦੋਸ਼ ਵਿੱਚ ਗ੍ਰਿਫਤਾਰ ਕੀਤਾ ਗਿਆ ਸੀ ਅਤੇ ਉਹ ਅਮਰੀਕਾ ਨੂੰ ਹਵਾਲਗੀ ਦੀ ਉਡੀਕ ਕਰ ਰਿਹਾ ਹੈ। ਹਾਲਾਂਕਿ, ਦੋਸ਼ ਵਿੱਚ ਇਹ ਦੋਸ਼ ਵੀ ਸਾਹਮਣੇ ਆਏ ਹਨ ਕਿ ਭਾਰਤ ਸਰਕਾਰ ਪਿਛਲੇ ਜੂਨ ਵਿੱਚ ਕੈਨੇਡਾ ਵਿੱਚ ਘੱਟੋ-ਘੱਟ ਤਿੰਨ ਹੋਰ ਹੱਤਿਆਵਾਂ ਦੀ ਯੋਜਨਾ ਬਣਾ ਰਹੀ ਸੀ। ਦਸਤਾਵੇਜ਼ ਵਿੱਚ ਦੋਸ਼ ਲਾਇਆ ਗਿਆ ਹੈ ਕਿ 18 ਜੂਨ ਨੂੰ ਨਿੱਝਰ ਦੇ ਮਾਰੇ ਜਾਣ ਤੋਂ ਕੁਝ ਘੰਟੇ ਬਾਅਦ, ਗੁਪਤਾ ਨੇ ਨਿੱਝਰ ਦੀ ਲਾਸ਼ ਦਾ ਇੱਕ ਵੀਡੀਓ ਉਸ ਵਿਅਕਤੀ ਨੂੰ ਭੇਜਿਆ ਜਿਸਨੂੰ ਉਹ ਇੱਕ ਕੰਟਰੈਕਟ ਕਿਲਰ ਵਜੋਂ ਨਿਯੁਕਤ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ ਅਤੇ ਉਸਨੂੰ ਕਿਹਾ ਕਿ ਨਿਊਯਾਰਕ ਦੇ ਨਿਸ਼ਾਨੇ ਨੂੰ "ਜਲਦੀ" ਮਾਰ ਦਿਓ।

## ਕਿਸਾਨ ਅੰਦੋਲਨ ਨੂੰ ਲੈ ਕੇ ਪੰਧੇਰ ਦਾ ਵੱਡਾ ਐਲਾਨ, ਦਿੱਲੀ ਜਾਣ ਦਾ ਫੈਸਲਾ ਹੁਣ ਕੇਂਦਰ ਦੇ ਪਾਲੇ 'ਚ ਸੁੱਟਿਆ

ਚੰਡੀਗੜ੍ਹ, 9 ਮਾਰਚ (ਆਵਾਜ਼ਿ ਕੌਮ ਬਿਊਰੋ)-ਹਰਿਆਣਾ ਦੀਆਂ ਸਰਹੱਦਾਂ 'ਤੇ ਬੈਠੇ ਕਿਸਾਨਾਂ ਨੇ ਦਿੱਲੀ ਜਾਣ ਦਾ ਫੈਸਲਾ ਹੁਣ ਕੇਂਦਰ ਸਰਕਾਰ ਦੇ ਪਾਲੇ ਵਿੱਚ ਸੁੱਟ ਦਿੱਤਾ ਹੈ।



ਕਿਸਾਨ ਮਜ਼ਦੂਰ ਮੋਰਚੇ ਦੇ ਲੀਡਰ ਸਰਵਣ ਸਿੰਘ ਪੰਧੇਰ ਨੇ ਕਿਹਾ ਕਿ ਅਸੀਂ ਦਿੱਲੀ ਤਾਂ ਹੀ ਜਾਵਾਂਗੇ ਜੇਕਰ ਸਰਕਾਰ ਬੰਦ ਕੀਤੇ ਰਾਹ ਖੋਲ੍ਹ ਦੇਵੇ। ਸਰਵਣ ਸਿੰਘ ਪੰਧੇਰ ਨੇ ਕਿਹਾ ਕਿ ਸਾਨੂੰ ਹਰਿਆਣਾ ਦੀਆਂ ਸਰਹੱਦਾਂ 'ਤੇ ਬੈਠੇ 26 ਦਿਨ ਹੋ ਗਏ ਹਨ। ਅਜਿਹੇ ਵਿੱਚ ਹਰਿਆਣਾ ਸਰਕਾਰ ਨੇ ਸਾਡੇ ਲਈ ਸਾਰੇ ਰਾਹ ਬੰਦ ਕਰ ਦਿੱਤੇ ਹਨ। ਹੁਣ ਅਸੀਂ ਫੈਸਲਾ ਕੀਤਾ ਹੈ ਕਿ ਜਦੋਂ ਤੱਕ ਕੇਂਦਰ ਅਤੇ ਹਰਿਆਣਾ ਦੀ ਸਰਕਾਰ ਸਾਡੇ ਲਈ ਰਾਹ ਨਹੀਂ ਖੋਲ੍ਹ ਦਿੰਦੀ ਅਸੀਂ ਉਦੋਂ ਤੱਕ ਖਨੌਰੀ ਅਤੇ ਸ਼ੰਭੂ ਸਰਹੱਦ 'ਤੇ ਹੀ ਬੈਠੇ ਰਹਾਂਗੇ। ਇਸ ਤੋਂ ਸਾਫ਼ ਹੈ ਕਿ ਸ਼ੰਭੂ ਅਤੇ ਖਨੌਰੀ ਸਰਹੱਦ 'ਤੇ ਬੈਠੇ ਕਿਸਾਨਾਂ ਦਾ ਦਿੱਲੀ ਜਾਣਾ ਔਖਾ ਹੋ ਸਕਦਾ ਹੈ। ਕਿਉਂਕਿ ਕੇਂਦਰ ਸਰਕਾਰ ਦਾਅਵਾ ਕਰ ਰਹੀ ਹੈ ਕਿ ਅਸੀਂ ਕਿਸਾਨਾਂ ਨੂੰ ਅਪੀਲ ਕਰ ਰਹੇ ਹਾਂ ਕਿ ਮਸਲੇ ਦਾ ਹੱਲ ਮੀਟਿੰਗ ਜ਼ਰੀਏ ਹੀ ਨਿਕਲੇਗਾ। ਕਿਸਾਨ ਸਾਡੇ ਨਾਲ ਇੱਕ ਵਾਰ ਮੁੜ ਤੋਂ ਬੈਠਕ ਕਰ ਸਕਦੇ ਹਨ। ਭਾਰਤੀ ਕਿਸਾਨ ਯੂਨੀਅਨ ਡੱਲੇਵਾਲ ਅਤੇ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਨੇ 13 ਫਰਵਰੀ ਨੂੰ ਦਿੱਲੀ ਜਾਣ ਦਾ ਐਲਾਨ ਕੀਤਾ ਸੀ। 12 ਫਰਵਰੀ ਨੂੰ ਸਾਰੇ ਕਿਸਾਨ ਖਨੌਰੀ ਅਤੇ ਸ਼ੰਭੂ ਦੀਆਂ ਸਰਹੱਦਾਂ ਨੇੜੇ ਪਹੁੰਚ ਗਏ ਸਨ। ਕਿਸਾਨਾਂ ਦੀ ਆਮਦ ਨੂੰ ਦੇਖਦੇ ਹਰਿਆਣਾ ਸਰਕਾਰ ਨੇ ਦੋਵੇ ਸਰਹੱਦਾਂ ਭਾਰੀ ਬੈਰੀਕੇਡਿੰਗ ਕਰਕੇ ਸੀਲ ਕਰ ਦਿੱਤੀਆਂ। 13 ਫਰਵਰੀ ਨੂੰ ਜਿਵੇਂ ਹੀ ਕਿਸਾਨ ਸ਼ੰਭੂ ਅਤੇ ਖਨੌਰੀ ਤੋਂ ਅੱਗੇ ਵੱਧਣ ਲੱਗੇ ਤਾਂ ਹਰਿਆਣਾ ਪੁਲਿਸ ਵੱਲੋਂ ਅੱਥਰੂ ਗੈਸ ਦੇ ਗੋਲੇ ਅਤੇ ਰਬੜ ਦੀਆਂ ਗੋਲੀਆਂ ਦਾਗੀਆਂ ਗਈਆਂ। ਫਿਰ ਕਿਸਾਨਾਂ ਨੇ ਇੱਕ ਹਫ਼ਤੇ ਲਈ ਦਿੱਲੀ ਕੂਚ ਟਾਲ ਦਿੱਤਾ ਸੀ। ਇਸ ਤੋਂ ਬਾਅਦ ਫਿਰ 21 ਫਰਵਰੀ ਨੂੰ ਦਿੱਲੀ ਜਾਣ ਦਾ ਐਲਾਨ ਕੀਤਾ ਪਰ ਕਿਸਾਨ ਉਦੋਂ ਵੀ ਅੱਗੇ ਨਹੀਂ ਵੱਧ ਸਕੇ। ਹੁਣ ਕਿਸਾਨਾਂ ਨੇ ਫੈਸਲਾ ਕੀਤਾ ਹੈ ਕਿ ਜਦੋਂ ਤੱਕ ਹਰਿਆਣਾ ਸਰਕਾਰ ਆਪ ਰਸਤੇ ਨਹੀਂ ਖੋਲ੍ਹ ਦਿੰਦੀ ਅਸੀਂ ਉਦੋਂ ਹੀ ਅੱਗੇ ਵਧਾਂਗੇ। ਨਹੀਂ ਤਾਂ ਸ਼ੰਭੂ ਅਤੇ ਖਨੌਰੀ ਸਰਹੱਦ 'ਤੇ ਹੀ ਬੈਠੇ ਰਹਾਂਗੇ।

ਆਵਾਜ਼ਿ ਕੌਮ

Daily Newspaper from U.K.

Publisher/Chief Editor

Raghbir Singh Walsal

E-mail : awazeqaumtv@gmail.com

www.awazeqaumtv.com

for AWAZE QAUM Channel

https://youtu.be/LQwolgxDu7I

Contact :

+447458381111

+447976210161

+919729091243

ਆਵਾਜ਼ਿ ਕੌਮ AWAZE QAUM TV



ਭਾਈ ਰਘਵੀਰ ਸਿੰਘ ਵਾਲਸਾਲ

ਯੂ.ਕੇ. ਮੁੱਖ ਸੰਪਾਦਕ

Raghbir Singh Walsall uk

ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ

ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ

## ਅਖੌਤੀ ਸਾਧ ਕੁਮਾਰ ਸੁਆਮੀ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਨਾਮ ਉਪਰ ਸ੍ਰੀ ਗੁਰੂ ਗ੍ਰੰਥ ਮੈਖ਼ਾਨਾ ਸਾਹਿਬ ਬਣਾ ਕੇ ਸਿੱਖਾਂ ਦੇ ਵਲੂੰਧਰੇ ਹਿਰਦੇ ਪੰਥ ਤੇ ਜਾਰੀ ਹਮਲਿਆਂ ਦਾ ਜੁਆਬ ਦੇਣ ਲਈ ਤੁਰੰਤ ਕਾਰਵਾਈ ਕਰਣ ਦੀ ਲੋੜ

ਨਵੀਂ ਦਿੱਲੀ 9 ਮਾਰਚ (ਮਨਪ੍ਰੀਤ ਸਿੰਘ ਖਾਲਸਾ):-ਦਿੱਲੀ ਦੇ ਬੁਰਾੜੀ ਇਲਾਕੇ ਅੰਦਰ ਇਕ ਅਖੌਤੀ ਸਾਧ ਕੁਮਾਰ ਸੁਆਮੀ ਨੇ ਗੁਰੂ ਨਾਨਕ ਸਾਹਿਬ ਤੇ ਨਿੰਰਕਾਰੀ ਬਾਬਿਆਂ ਦੇ ਨਾਮ ਲੈਕੇ ਸ੍ਰੀ ਗੁਰੂ ਗ੍ਰੰਥ ਮੈਖ਼ਾਨਾ ਸਾਹਿਬ (ਇਕ ਗ੍ਰੰਥ ਜੋ ਕੁਮਾਰ ਸੁਆਮੀ ਨੇ ਲਿਖਿਆ ਹੈ) ਦੀ ਸਥਾਪਨਾ ਕਰਦਿਆਂ ਪੂਜਨ ਤੇ ਆਰਤੀ ਕਰਕੇ ਸਿੱਖਾਂ ਦੇ ਹਿਰਦਿਆਂ ਨੂੰ ਘੋਰ ਠੇਸ ਪਹੁੰਚਾਈ ਹੈ । ਇਸ ਘੋਰ ਬੇਅਦਬੀ ਨੂੰ ਦਿੱਲੀ 'ਚ ਕੱਲ੍ਹ ਸ਼ਾਮ ਨੂੰ ਅੰਜਾਮ ਦਿੱਤਾ ਗਿਆ ਸੀ ਤੇ ਅਜ ਇਸ ਦਾ ਵੀਡੀਓ ਵਾਇਰਲ ਹੋ ਰਿਹਾ ਹੈ । ਮਾਮਲੇ ਦਾ ਪਤਾ ਲਗਣ ਤੇ ਜਦੋ ਕੁਮਾਰ ਸੁਆਮੀ ਦੇ ਡੇਰੇ ਸੰਪਰਕ ਕੀਤਾ ਅਤੇ ਉਨ੍ਹਾਂ ਨੂੰ ਮੈਖਾਨੇ ਨਾਮ ਬਾਰੇ ਪੁੱਛਿਆ ਤਦ ਓਹ ਭੰਬਲਭੂਸਾ ਪਾਉਂਦਿਆਂ ਇਸ ਦਾ ਅਰਥ ਲੋਕਾਂ ਨੂੰ ਜੋੜਨਾ ਦੱਸ ਰਹੇ ਸਨ ਜਦਕਿ ਮੈਖਾਨੇ ਦਾ ਅਰਥ ਦਾਰੂ ਖਾਨਾ ਹੁੰਦਾ ਹੈ । ਉਨ੍ਹਾਂ ਨੂੰ ਪੁੱਛਿਆ ਗਿਆ ਕਿ ਤੁਸੀਂ ਇਸ ਦਾ ਨਾਮ ਸ੍ਰੀ ਗੁਰੂ ਗ੍ਰੰਥ ਸਾਹਿਬ ਹੀ ਕਿਉਂ ਰੱਖਿਆ ਜਦ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਿੱਖ ਪੰਥ ਦੇ ਨਾਲ ਨਾਨਕ ਨਾਮ ਲੇਵਾ ਸੰਗਤਾਂ ਦੇ ਹਾਜਿਰ ਨਾਜ਼ੀਰ ਸ਼ਬਦ ਗੁਰੂ ਹਨ ਤੇ ਇਸ ਨਾਮ ਨੂੰ ਵਰਤਿਆ ਨਹੀਂ ਜਾ ਸਕਦਾ ਹੈ ਉਨ੍ਹਾਂ ਜੁਆਬ ਨਹੀਂ ਦਿੱਤਾ । ਜਿਕਰਯੋਗ ਹੈ ਕਿ ਇਹ ਸਭ ਇਕ ਗਿਣੀ ਮਿੱਥੀ ਸਾਜ਼ਿਸ਼ ਅੱਧੀਨ ਸਿੱਖ ਪੰਥ ਨੂੰ ਖੋਰਾ ਲਾਉਣ ਦੀਆਂ ਚਾਲਾਂ ਚਲੀਆਂ ਜਾ ਰਹੀਆਂ ਹਨ । ਜੇਕਰ ਸਿੱਖਾਂ ਦੇ ਲੀਡਰ ਅਤੇ ਆਗੂ ਸਮਾਂ ਰਹਿੰਦਿਆਂ ਇਨ੍ਹਾਂ ਨੂੰ ਜੁਆਬ ਨਾ ਦੇ ਸਕੇ ਤਾਂ ਹੋਰ ਵੱਡਾ ਨੁਕਸਾਨ ਹੋ ਸਕਦਾ ਹੈ । ਮਾਮਲੇ ਬਾਰੇ ਗੱਲ ਕਰਦਿਆਂ ਡਾਕਟਰ ਪਰਮਿੰਦਰ ਪਾਲ ਸਿੰਘ ਨੇ ਦਿੱਲੀ ਗੁਰਦਵਾਰਾ ਕਮੇਟੀ ਨੂੰ ਇਸ ਮਾਮਲੇ ਤੇ ਤੁਰੰਤ ਕਾਨੂੰਨੀ ਕਾਰਵਾਈ ਕਰਣ ਲਈ ਕਿਹਾ ਹੈ ਤੇ ਉਨ੍ਹਾਂ ਵਲੋਂ ਇਸ ਅਤਿ ਗੰਭੀਰ ਮਾਮਲੇ ਤੇ ਕਾਰਵਾਈ ਨਾ ਕੀਤੇ ਜਾਣ ਤੇ ਸ਼੍ਰੋਮਣੀ ਅਕਾਲੀ ਦਲ ਦਿੱਲੀ ਇਕਾਈ ਵਲੋਂ ਐਕਸ਼ਨ ਲਏ ਜਾਣ ਲਈ ਦਸਿਆ ਹੈ ।



ਘੜੀਐ ਸਬਦੁ ਸਚੀ ਟਕਸਾਲ ॥

ਵਾਹਿਗੁਰੂ ਜੀ ਕਾ ਖਾਲਸਾ । ਵਾਹਿਗੁਰੂ ਜੀ ਕੀ ਫਤਿਹ ॥

# ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ ਵਿਖੇ

## Gurdwara Sahib Shaeed Baba Deep Singh ji Casalmorano Cremona (Italy)



## ਹੋਲਾ ਮਹੱਲਾ ਸ਼੍ਰੀ ਅਨੰਦਪੁਰ ਸਾਹਿਬ ਜੀ

## ਹੋਲੇ ਮਹੱਲੇ ਨੂੰ ਸਮਰਪਿਤ

# ਵਿਸ਼ਾਲ ਨਗਰ ਕੀਰਤਨ ਕਾਜ਼ਲਮੋਰਾਨੋ

**23 ਮਾਰਚ 2024 ਸਨੀਵਾਰ ਗੁਰਦੁਆਰਾ ਸਾਹਿਬ ਤੋ ਨਗਰ ਕੀਰਤਨ ਦੀ ਅਰੰਭਤਾ 12 ਵਜੇਂ ਹੋਵੇਗੀ ਅਤੇ ਗੁਰਦੁਆਰਾ ਸਾਹਿਬ ਵਿਖੇ ਹੀ ਸ਼ਾਮ 5 ਵਜੇ ਸਮਾਪਤੀ ਹੋਵੇਗੀ।**

ਨਗਰ ਕੀਰਤਨ ਵਿੱਚ ਸ਼ਮੂਲੀਅਤ ਸਿੱਖ ਪ੍ਰਚਾਰਕ ਕਥਾ ਵਾਚਕ, ਰਾਗੀ ਸਿੰਘ ਕਵੀਸ਼ਰੀ,ਢਾਡੀ ਜਥੇ ਵਾਰਾਂ ਰਾਹੀਂ ਗੁਰਬਾਣੀ ਗੁਰ ਇਤਿਹਾਸ ਅਤੇ ਸਿੱਖ ਇਤਿਹਾਸ ਨਾਲ ਸੰਗਤਾਂ ਨੂੰ ਜੋੜਨਾ ਕਰਨਗੇ।

ਪ੍ਰਬੰਧਕ ਸੇਵਾਦਾਰਾਂ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਸਿੰਘਾਂ ਅਤੇ ਇਲਾਕਾ ਨਿਵਾਸੀ ਸਮੂਹ ਸਾਧ ਸੰਗਤਾਂ ਵੱਲੋਂ ਸੇਵਾ ਨਿਭਾਈ ਜਾਂਦੀ ਹੈ।

ਗੁਰੂ ਕਾ ਲੰਗਰ ਅਤੁੱਟ ਵਰਤੇਗਾ

ਜ਼ਰੂਰੀ ਬੇਨਤੀ : ਗੱਤਕੇ ਦੀ ਸਿਖਲਾਈ ਹਰ ਐਤਵਾਰ 11:00 ਤੋਂ 1 : 00 ਵਜੇ ਤੱਕ ਦਿੱਤੀ ਜਾਂਦੀ ਹੈ।

### ★ ਗੁਰੂ ਪੰਥ ਦੇ ਦਾਸਰੇ ★

**ਸਾਧ ਸੰਗਤ, ਪ੍ਰਬੰਧਕ ਕਮੇਟੀ**

**ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ**

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:-

ਭਾਈ ਪ੍ਰਗਟ ਸਿੰਘ (ਪ੍ਰਧਾਨ) 00393208124778

ਭਾਈ ਬਲਰਾਮ ਸਿੰਘ +393885751594

ਭਾਈ ਪ੍ਰਭਜੀਤ ਸਿੰਘ ਆਜਾਨੇਲੋ +393881079260

☛ ਸ਼ੇਅਰ ਜ਼ਰੂਰੀ ਕਰਨਾ ਜੀ ☛ ਸਿੱਖ ਸੰਗਤਾਂ ਦੇ ਚਰਨਾਂ ਵਿੱਚ ਬੇਨਤੀ ਹੈ ਆਪਣਾ ਕੀਮਤੀ ਸਮਾਂ ਕੱਢ ਕੇ ਨਗਰ ਕੀਰਤਨ ਪਹੁੰਚਣ ਦੀ ਕ੍ਰਿਪਾਲਤਾ ਕਰੋ ਜੀ।

**Gurdwara Sahib Shaeed Baba Deep Singh ji Damdami Taksaal**

Via Giacomo Matteotti 3Cap
26020Casalmorano Cremona (IT)

E-mail : gur.damdamitaksaalitaly@gmail.com

**Call+393475711755 / 3208124778**




# ਤਲਵੰਡੀ ਸਾਬੋ ਨਗਰ ਦੇ ਵਿਕਾਸ ਕਾਰਜਾਂ ਵੱਲ ਧਿਆਨ ਦੇਵੇ ਸਰਕਾਰ, ਤੁਰੰਤ ਦੇਵੇ ਫੰਡ- ਗੁਰਬਾਜ਼ ਸਿੰਘ ਸਿੱਧੂ

ਤਲਵੰਡੀ ਸਾਬੋ, 08 ਮਾਰਚ (ਗੁਰਜੰਟ ਸਿੰਘ ਨਥੇਹਾ)- ਇਤਿਹਾਸਿਕ ਨਗਰ ਤਲਵੰਡੀ ਸਾਬੋ ਦੇ ਵਿਕਾਸ ਵੱਲ ਹਮੇਸ਼ਾਂ ਹੀ ਸਰਕਾਰਾਂ ਨੇ ਤਵੱਜ਼ੋਂ ਦਿੱਤੀ ਹੈ ਪਰ ਆਮ ਆਦਮੀ ਪਾਰਟੀ ਦੀ ਮੌਜੂਦਾ ਸਰਕਾਰ ਪਹਿਲੀ ਸਰਕਾਰ ਹੈ ਜਿਸਨੇ ਇਸ ਇਤਿਹਾਸਿਕ ਅਤੇ ਧਾਰਮਿਕ ਨਗਰ ਨੂੰ ਵਿਕਾਸ ਪੱਖੋਂ ਅੱਖੋਂ ਓਹਲੇ ਹੀ ਕਰ ਛੱਡਿਆ ਜਿਸ ਕਰਕੇ ਅੱਜ ਨਗਰ ਚ ਕਈ ਬੁਨਿਆਦੀ ਸਹੂਲਤਾਂ ਦੀ ਘਾਟ ਮਹਿਸੂਸ ਹੋ ਰਹੀ ਹੈ। ਉਕਤ ਵਿਚਾਰਾਂ ਦਾ ਪ੍ਰਗਟਾਵਾ ਹਲਕੇ ਦੇ ਸਾਬਕਾ ਵਿਧਾਇਕ ਜੀਤਮਹਿੰਦਰ ਸਿੰਘ ਸਿੱਧੂ ਦੇ ਸਪੁੱਤਰ ਅਤੇ ਹਲਕੇ 'ਚ ਪਿਛਲੇ ਕਾਫੀ ਸਮੇਂ ਤੋਂ ਸਰਗਰਮ, ਨੌਜਵਾਨ ਆਗੂ ਗੁਰਬਾਜ਼ ਸਿੰਘ ਸਿੱਧੂ ਨੇ ਹਲਕੇ ਦੇ ਦੌਰੇ ਉਪਰੰਤ ਗੱਲਬਾਤ ਕਰਦਿਆਂ ਕੀਤਾ। ਸਿੱਧੂ ਜੋ ਕਿ ਕਈ ਪਿੰਡਾਂ 'ਚ ਵਰਕਰਾਂ ਅਤੇ ਆਮ ਲੋਕਾਂ ਦੇ ਨਿੱਜੀ ਪ੍ਰੋਗਰਾਮਾਂ 'ਚ ਹਾਜ਼ਿਰੀ ਭਰਨ ਆਏ ਹੋਏ ਸਨ ਨੇ ਕਿਹਾ





ਆਵਾਜ਼ਿ ਕੌਮ AWAZE QAUM International Newspaper & WEB TV

ਕਿ ਤਲਵੰਡੀ ਸਾਬੋ ਨਗਰ ਅੰਦਰਲੀਆਂ ਸੜਕਾਂ ਦੀ ਹਾਲਤ ਅਤਿ ਖਸਤਾ ਹੋਈ ਪਈ ਹੈ, ਸੀਵਰੇਜ ਸਿਸਟਮ ਦੀ ਸਾਂਭ ਸੰਭਾਲ ਨਹੀ ਹੋ ਰਹੀ, ਸ਼ਹਿਰ ਦੇ ਸੁੰਦਰੀਕਰਨ ਦੇ ਨਾਂ 'ਤੇ ਪਿਛਲੇ ਸਮੇਂ 'ਚ ਬਣਾਏ ਪਾਰਕਾਂ ਦੇ ਬੁਰੇ ਹਾਲਾਤ ਹਨ। ਸਿੱਧੂ ਨੇ ਕਿਹਾ ਕਿ ਸ਼ਹਿਰ ਚ ਪਿਛਲੇ ਸਮੇਂ 'ਚ ਬਣਾਏ ਨਸ਼ਾ ਛੁਡਾਊ ਹਸਪਤਾਲ ਨੂੰ ਬੰਦ ਕਰ ਦਿੱਤਾ ਗਿਐ ਪਰ ਸੱਤਾਧਿਰ ਦੇ ਨੁਮਾਇੰਦਿਆਂ ਨੇ ਕੋਈ ਕੋਸ਼ਿਸ ਨਹੀ ਕੀਤੀ ਕਿ ਉਸਨੂੰ ਦੋਬਾਰਾ ਚਾਲੂ ਕਰਵਾਇਆ ਜਾ ਸਕੇ, ਨਗਰ ਦੇ ਕਈ ਇਲਾਕਿਆਂ 'ਚ ਸਟਰੀਟ ਲਾਈਟਾਂ ਨਹੀ ਹਨ, ਸ਼ਹਿਰ 'ਚ ਬਣੇ ਸਟੇਡੀਅਮਾਂ ਦਾ ਹੁਣ ਕਿਸੇ ਨੇ ਜਾਇਜ਼ਾ ਹੀ ਨਹੀ ਲਿਆ ਕਿ ਉੱਥੇ ਕਿਹੜੀਆਂ ਚੀਜ਼ਾਂ ਦੀ ਲੋੜ ਹੈ, ਨਿਸ਼ਾਨ-ਏ-ਖਾਲਸਾ ਚੌਂਕ ਦੀ ਸਾਂਭ ਸੰਭਾਲ ਵੱਲ ਵੀ ਕੋਈ ਧਿਆਨ ਨਹੀ ਹਾਲਾਂਕਿ ਇਹ ਚੌਂਕ ਸ਼ਰਧਾਲੂਆਂ ਲਈ ਵਿਸ਼ੇਸ ਖਿੱਚ ਦਾ ਕੇਂਦਰ ਹੈ। ਗੁਰਬਾਜ਼ ਸਿੰਘ ਸਿੱਧੂ ਨੇ ਇਸ ਮੌਕੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਲੋਕ ਸਭਾ ਚੋਣਾਂ ਲਈ ਚੋਣ ਜ਼ਾਬਤਾ ਲੱਗਣ ਤੋਂ ਪਹਿਲਾਂ ਇਤਿਹਾਸਿਕ ਨਗਰ ਦੇ ਵਿਕਾਸ ਕਾਰਜਾਂ ਲਈ ਲੋੜੀਂਦੇ ਫੰਡ ਮੁਹੱਈਆ ਕਰਵਾਏ ਜਾਣ ਤਾਂਕਿ ਸ਼ਹਿਰ ਵਾਸੀਆਂ ਨੂੰ ਕੁਝ ਰਾਹਤ ਮਿਲ ਸਕੇ। ਉੱਧਰ ਪਿੰਡ ਲੇਲੇਵਾਲਾ ਦੇ ਦੌਰੇ ਸਮੇਂ ਸਿੱਧੂ ਨੇ ਲੋਕ ਮੁਸ਼ਿਕਲਾਂ ਵੀ ਸੁਣੀਆਂ ਅਤੇ ਹੱਲ ਲਈ ਸਬੰਧਿਤ ਅਧਿਕਾਰੀਆਂ ਨਾਲ ਗੱਲ ਕਰਨ ਦਾ ਭਰੋਸਾ ਦਿੱਤਾ। ਸਿੱਧੂ ਨਾਲ ਇਸ ਮੌਕੇ ਸੁਖਬੀਰ ਸਿੰਘ ਚੱਠਾ, ਸੀ.ਕਾਂਗਰਸੀ ਆਗੂ ਬਲਵੰਤ ਸਿੰਘ ਲੇਲੇਵਾਲਾ, ਬਹਾਦੁਰ ਸਿੰਘ ਲੇਲੇਵਾਲਾ ਸਾਬਕਾ ਸਰਪੰਚ, ਮੇਜਰ ਸਿੰਘ ਲੇਲੇਵਾਲਾ ਸਾਬਕਾ ਸਰਪੰਚ, ਹਰਪਾਲ ਗਾਟਵਾਲੀ, ਗੁਰਵਿੰਦਰ ਦੂੰਨੇਵਾਲਾ, ਰਾਜਾ ਸੁਖਲੱਧੀ ਆਦਿ ਆਗੂ ਮੌਜੂਦ ਸਨ।








KATHA PROGRAMME



ਆਵਾਜ਼ਿ ਕੌਮ AWAZE QAUM
International Newspaper & WEB TV

4-10 MAR
7:30-8:15 PM
ਸੰਤ ਬਾਬਾ ਬੇਅੰਤ ਸਿੰਘ ਜੀ
ਬੇਰ ਕਲਾਂ ਵਾਲੇ



NANAKSAR THATH ISHER DARBAR
WOLVERHAMPTON



ਪੰਜਾਬੀ
ਸਿੱਖੋ ਬੋਲੋ ਪੜ੍ਹੋ ਲਿਖੋ

ਮਾਂ ਬੋਲੀ ਪੰਜਾਬੀ ਨੂੰ ਪਿਆਰ ਕਰੋ

ੳ ਅ ੲ ਸ ਹ
ਕ ਖ ਗ ਘ ਙ
ਚ ਛ ਜ ਝ ਞ
ਟ ਠ ਡ ਢ ਣ
ਤ ਥ ਦ ਧ ਨ
ਪ ਫ ਬ ਭ ਮ
ਯ ਰ ਲ ਵ ੜ
ਸ਼ ਖ਼ ਗ਼ ਜ਼ ਫ਼ ਲ਼

Love Maa Boli Punjabi

ਮੁਕਤਾ, ਾ ਕੰਨਾ, ਿ ਸਿਹਾਰੀ, ੀ ਬਿਹਾਰੀ
ੁ ਔਂਕੜ, ੂ ਦੁਲੈਂਕੜ, ੇ ਲਾਂ, ੈ ਦੁਲਾਵਾਂ
ੋ ਹੋੜਾ, ੌ ਕਨੌੜਾ, ੰ ਟਿੱਪੀ, ਾਂ ਕੰਨਾ-ਬਿੰਦੀ

www.damdamitaksal.net

੧ ੨ ੩ ੪ ੫ ੬ ੭ ੮ ੯ ੧੦

www.damdamitaksal.net
Learn Speak Read Write
PUNJABI



ਸਾਬਤ ਸੂਰਤਿ ਦਸਤਾਰ ਸਿਰਾ
ਦਸਤਾਰਾਂ ਹੀ ਦਸਤਾਰਾਂ



ਰੰਧਾਵਾ ਪਗੜੀ ਸੈਂਟਰ



ਦਸਤਾਰਾਂ ਦੇ ਥਾਨ ਥੋਕ ਦੇ ਭਾਅ ਖ਼ਰੀਦਣ ਲਈ ਸੰਪਰਕ ਕਰੋ।

✚ ਦੁਨੀਆਂ ਦੇ ਕਿਸੇ ਵੀ ਕੋਨੇ 'ਚ ਦਸਤਾਰਾਂ ਮੰਗਵਾਉਣ ਲਈ ਸੰਪਰਕ ਕੀਤਾ ਜਾ ਸਕਦਾ ਹੈ।

ਇੱਥੇ ਹਰ ਤਰ੍ਹਾਂ ਦੀਆਂ ਪੱਗਾਂ ਅਤੇ ਸੁੰਦਰ ਰੁਮਾਲਾ ਸਾਹਿਬ ਮਿਲਦੇ ਹਨ।

ਰੈਣਕ ਬਾਜ਼ਾਰ, ਜਲੰਧਰ (ਪੰਜਾਬ)
ਸੰਪਰਕ ਨੰ. :
+91 98882-22446



ASA Gas Heating Solution Ltd.

Boilers
Certificates
Gas Work
Cylinders
Maintenance Services

Gas Safety Inspections
Plumbing Work

Vaillant APPROVED INSTALLER
WORCESTER Bosch Group

ਏ.ਐਸ.ਏ. ਗੈਸ ਹੀਟਿੰਗ ਸਲੂਸ਼ਨ ਲਿਮਟਿਡ ਕੰਪਨੀ ਦੇ ਮਾਲਕ ਜਾਣੇ ਪਹਿਚਾਣੇ ਗੋਲਡ ਮੈਡਲਿਸਟ ਢਾਡੀ ਜੱਥਾ ASA ਦੇ ਨੌਜਵਾਨਾਂ ਨੇ ਸ਼ੁਰੂ ਕੀਤੀ ਹੈ। ਜਿਹੜੇ ਗੈਸ ਅਤੇ ਬਿਜਲੀ ਦਾ ਕੰਮ ਬਹੁਤ ਹੀ ਤਸੱਲੀਬਖ਼ਸ਼ ਅਤੇ ਸਸਤੇ ਰੇਟਾਂ ਤੇ ਕਰਦੇ ਹਨ। ਨੌਜਵਾਨ ਬੱਚਿਆਂ ਨੇ ਨਵਾਂ ਨਵਾਂ ਆਪਣਾ ਕੰਮ ਸ਼ੁਰੂ ਕੀਤਾ ਹੈ। ਸੋ ਇਹਨਾਂ ਬੱਚਿਆਂ ਦਾ ਵੱਧ ਤੋਂ ਵੱਧ ਸਹਿਯੋਗ ਦੇਣ ਦੀ ਅਪੀਲ ਕੀਤੀ ਜਾਂਦੀ ਹੈ

Mr. Simran Singh : 0749 534 2620
asagasheatingsolutions@gmail.com
Call us now for a Free no-olbigation quote

# THE GURBANI SCHOOL

THE GURBANI SCHOOL

ਗੁਰਬਾਣੀ ਦਾ ਸ਼ੁੱਧ ਉਚਾਰਣ ਸਿੱਖਣ ਲਈ ਗੁਰਬਾਣੀ ਸਕੂਲ ਡਾਊਨਲੋਡ ਕਰੋ।

## LEARN THE CORRECT PRONUNCIATION OF GURBANI IN THE CONVENIENCE OF YOUR OWN HOME

GET IT ON Google Play

Download on the App Store




**INTERACTIVE LEARNING**
ਕਲਿੱਕ ਕਰੋ ਅਤੇ ਸਹੀ ਉਚਾਰਣ ਸੁਣੋ
CLICK & LISTEN TO THE CORRECT PRONUNCIATION

8

**EIGHT PRAYERS AVAILABLE**
ਅੱਠ ਬਾਣੀਆਂ ਸਿੱਖਣ ਲਈ ਉਪਲਬਧ ਹਨ
EIGHT DAILY PRAYERS AVAILABLE TO LEARN

**AUTO SCROLL GURBANI PLAYER**
ਨਾਲ ਨਾਲ ਪੜ੍ਹੋ ਅਤੇ ਉਚਾਰਣ ਸੁਧਾਰੋ
READ ALONG & IMPROVE THE PRONUNCIATION

**MULTILINGUAL**
ਨਿੱਤਨੇਮ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਵਿੱਚ ਉਪਲਬਧ ਹੈ।
NITNEM IS AVAILABLE IN PUNJABI, HINDI & ENGLISH

ਚੇਤਿ ਗੋਵਿੰਦੁ ਅਰਾਧੀਐ ਹੋਵੈ ਅਨੰਦੁ ਘਣਾ॥ ਸੰਤ ਜਨਾ ਮਿਲਿ ਪਾਈਐ ਰਸਨਾ ਨਾਮੁ ਭਣਾ॥

ਨਾਨਕਸ਼ਾਹੀ ਸੰਮਤ ੫੫੬ ਦੇ ਆਗਮਨ ਦੀ ਖੁਸ਼ੀ ਵਿੱਚ

# ਸਿੱਖ ਨਵਾਂ ਸਾਲ

## ਚੇਤ ਦੀ ਸੰਗਰਾਂਦ



ਸੰਤ ਬਾਬਾ ਮਨਵੀਰ ਸਿੰਘ ਜੀ
ਨਾਨਕਸਰ ਵਾਲੇ



ਭਾਈ ਸਿਮਰਜੀਤ ਸਿੰਘ ਜੀ ਪਰਵਾਨਾ
ਕਵੀਸ਼ਰੀ ਜਥਾ

**ਬੁੱਧਵਾਰ 13 ਮਾਰਚ 2024**

ਗੁਰਦੁਆਰਾ ਨਾਨਕਸਰ ਸਾਹਿਬ, **ਪਿੰਡ ਮੱਤਾ** (ਫਰੀਦਕੋਟ)

ਸਮਾਂ: ਰਾਤ 7 ਵਜੇ ਤੋਂ 11 ਵਜੇ

LIVE ON
ਭੁੱਲਰ TV
Facebook
YouTube



ਗਿਆਨੀ ਗੁਰਜੀਤ ਸਿੰਘ ਜੀ
ਪਟਿਆਲਾ



ਗਿਆਨੀ ਅਵਤਾਰ ਸਿੰਘ ਜੀ
ਸ੍ਰੀ ਅੰਮ੍ਰਿਤਸਰ ਸਾਹਿਬ



ਭਾਈ ਗੁਰਤੇਜ ਸਿੰਘ ਜੀ
ਬਠਿੰਡਾ



ਗਿਆਨੀ ਜਗਸੀਰ ਸਿੰਘ ਜੀ



ਗਿਆਨੀ ਸਤਨਾਮ ਸਿੰਘ ਜੀ
ਸਟੇਜ ਸੈਕਟਰੀ

ਗੁਰੂ ਕਾ ਲੰਗਰ ਅਤੁੱਟ ਵਰਤੇਗਾ

ਆਪ ਜੀ ਨੇ ਪਰਿਵਾਰ ਸਮੇਤ ਹਾਜਰੀ ਭਰ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਨੀਆਂ ਜੀ।

ਗੁਰਮਤਿ ਸਮਾਗਮ ਵਿੱਚ ਹਾਜਰੀ ਭਰਨ ਵਾਲੇ ਅਤੇ ਪਿੰਡ ਦੇ ਸਾਰੇ ਕੇਸਾਧਾਰੀ ਬੱਚਿਆਂ ਦਾ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ।

ਵੱਲੋਂ: ਸਮੂਹ ਸਾਧ ਸੰਗਤ ਪਿੰਡ ਮੱਤਾ (ਫਰੀਦਕੋਟ)

ਸੰਪਰਕ ਨੰ. ਗੁਰਪ੍ਰੀਤ ਸਿੰਘ- 91547 00084, ਜਸਬੀਰ ਸਿੰਘ-94176 10208

ਨਾਨਕਸ਼ਾਹੀ ਸੰਮਤ ੫੫੬ ਦੇ ਆਗਮਨ ਦੀ ਖੁਸ਼ੀ ਵਿੱਚ



# ਸੁੰਦਰ ਦਸਤਾਰ ਮੁਕਾਬਲੇ



## ਪਾਲ ਇੰਟਰਨੈਸ਼ਨਲ ਐਜੂਕੇਸ਼ਨਲ ਕਾਲਜ ਦੇ ਸਹਿਯੋਗ ਨਾਲ

**ਮਿਤੀ 13 ਮਾਰਚ 2024 ਦਿਨ ਬੁੱਧਵਾਰ**

ਗੁਰਦੁਆਰਾ ਨਾਨਕਸਰ ਸਾਹਿਬ, **ਪਿੰਡ ਮੱਤਾ** (ਫਰੀਦਕੋਟ)

ਸਮਾਂ: ਦੁਪਿਹਰ 12:00 ਵਜੇ

ਜੇਤੂ ਬੱਚਿਆ ਨੂੰ ਨਗਦ ਇਨਾਮ+ਦਸਤਾਰ+ਟਰਾਫੀ ਦਿੱਤੀ ਜਾਵੇਗੀ।

ਨੋਟ:
ਇਸ ਮੁਕਾਬਲੇ ਵਿੱਚ ਪ੍ਰੋਫੈਸ਼ਨਲ ਕੋਚ ਭਾਗ ਨਹੀਂ ਲੈ ਸਕਦਾ।

LIVE ON
ਭੁੱਲਰ TV
Facebook
YouTube

ਸ਼ਰਤਾਂ:-

01. ਪ੍ਰਤੀਯੋਗੀ ਆਪਣੀ ਦਸਤਾਰ, ਸ਼ੀਸ਼ਾ, ਬਾਜ਼, ਪੱਗ ਪਿੰਨ ਸਾਰਾ ਸਮਾਨ ਨਾਲ ਲੈ ਕੇ ਆਵੇਗਾ।
02. ਦਸਤਾਰ ਮੁਕਾਬਲੇ ਵਿੱਚ ਤਿੰਨ ਜੇਤੂ ਪੁਜੀਸ਼ਨਾਂ ਹੋਣਗੀਆਂ।
03. ਇਸ ਮੁਕਾਬਲੇ ਵਿੱਚ ਹਰੇਕ ਉਮਰ ਦਾ ਵਿਅਕਤੀ ਭਾਗ ਲੈ ਸਕਦਾ ਹੈ।
04. ਸੰਖੇਪ ਇਤਿਹਾਸ ਬਾਰੇ ਜਾਣਕਾਰੀ ਹੋਣਾ ਲਾਜ਼ਮੀ ਹੈ।
05. ਜੱਜ ਦਾ ਫੈਸਲਾ ਅਟੱਲ ਹੋਵੇਗਾ।

ਸੰਪਰਕ - ਅਵਤਾਰ ਸਿੰਘ 94640-10033, ਗੁਰਸੇਵਕ ਸਿੰਘ 95921-32999, ਹਰਿੰਦਰ ਸਿੰਘ (ਦਸਤਾਰ ਕੋਚ) 98884-02583, ਜਗਸੀਰ ਸਿੰਘ 94171-01193

**PAUL INTERNATIONAL EDUCATIONAL COLLEGE**
Nanny, Personal Support Worker, PR, Visitor Visa, Work Visa | Contact : +91 81469-62394

ਪਿਛਲੇ ਦਿਨਾਂ ਤੋਂ ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂ ਕੇ ਵਲੋਂ ਸਿੱਖ ਸੰਗਤਾਂ ਪੰਜ ਤਖਤ ਸਾਹਿਬਾਨ ਅਤੇ ਇਤਿਹਾਸਕ ਗੁਰਦੁਆਰਿਆਂ ਦੀ ਯਾਤਰਾ ਦੌਰਾਨ

# ਸੰਗਤਾਂ ਸੱਚਖੰਡ ਤਖਤ ਸ੍ਰੀ ਹਜ਼ੂਰ ਸਾਹਿਬ ਪਹੁੰਚੀਆਂ

## ਪੰਥ ਦੀ ਮਹਾਨ ਸ਼ਖਸੀਅਤ ਸਿੰਘ ਸਾਹਿਬ ਭਾਈ ਜਸਵੀਰ ਸਿੰਘ ਰੋਡੇ ਸਾਬਕਾ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਜੀ ਨੇ 2 ਦਿਨ ਗੁਰਬਾਣੀ ਦੀ ਕਥਾ ਕੀਤੀ














(ਹੋਰ ਤਸਵੀਰਾਂ ਅਗਲੇ ਪੰਨਿਆਂ 'ਤੇ)

ਪਿਛਲੇ ਦਿਨਾਂ ਤੋਂ ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂ ਕੇ ਵਲੋਂ ਸਿੱਖ ਸੰਗਤਾਂ ਪੰਜ ਤਖਤ ਸਾਹਿਬਾਨ ਅਤੇ ਇਤਿਹਾਸਕ ਗੁਰਦੁਆਰਿਆਂ ਦੀ ਯਾਤਰਾ ਕਰ ਰਹੀਆਂ ਹਨ। ਯਾਤਰਾ ਦੌਰਾਨ ਜਦੋਂ ਸੰਗਤਾਂ ਸੱਚਖੰਡ ਤੱਖਤ ਸ੍ਰੀ ਹਜੂਰ ਸਾਹਿਬ ਪਹੁੰਚੀਆਂ ਤਾਂ ਉਥੇ ਪੰਥ ਦੀ ਮਹਾਨ ਸ਼ਖਸੀਅਤ ਸਿੰਘ ਸਾਹਿਬ ਭਾਈ ਜਸਵੀਰ ਸਿੰਘ ਰੋਡੇ ਸਾਬਕਾ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਜੀ ਨੇ 2 ਦਿਨ ਗੁਰਬਾਣੀ ਦੀ ਕਥਾ ਕੀਤੀ । ਜਿਥੇ ਤੱਖਤ ਸਾਹਿਬ ਦੇ ਜਥੇਦਾਰ ਸਾਹਿਬਾਨਾਂ ਨੇ ਸਿੰਘ ਸਾਹਿਬ ਭਾਈ ਜਸਵੀਰ ਸਿੰਘ ਰੋਡੇ ਦਾ ਬਹੁਤ ਹੀ ਜੋਸ਼ੋ ਖਰੋਸ਼ ਨਾਲ ਮਾਣ ਸਨਮਾਨ ਕੀਤਾ।

(ਫੋਟੋਆਂ ਤੇ ਵੇਰਵਾ : ਆਵਾਜ਼ਿ ਕੌਮ ਬਿਊਰੋ)

ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243

ਪਿਛਲੇ ਦਿਨਾਂ ਤੋਂ ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂ ਕੇ ਵਲੋਂ ਸਿੱਖ ਸੰਗਤਾਂ ਪੰਜ ਤਖਤ ਸਾਹਿਬਾਨ ਅਤੇ ਇਤਿਹਾਸਕ ਗੁਰਦੁਆਰਿਆਂ ਦੀ ਯਾਤਰਾ ਦੌਰਾਨ

# ਸੰਗਤਾਂ ਸੱਚਖੰਡ ਤਖਤ ਸ੍ਰੀ ਹਜ਼ੂਰ ਸਾਹਿਬ ਪਹੁੰਚੀਆਂ

## ਪੰਥ ਦੀ ਮਹਾਨ ਸ਼ਖਸੀਅਤ ਸਿੰਘ ਸਾਹਿਬ ਭਾਈ ਜਸਵੀਰ ਸਿੰਘ ਰੋਡੇ ਸਾਬਕਾ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਜੀ ਨੇ 2 ਦਿਨ ਗੁਰਬਾਣੀ ਦੀ ਕਥਾ ਕੀਤੀ










ਆਵਾਜ਼ਿ ਕੌਮ AWAZE QAUM International Newspaper & WEB TV





ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243

# ਦਮਦਮੀ ਟਕਸਾਲ ਨੇ ਜੂਨ ‘84 ਘੱਲੂਘਾਰੇ ਦੇ ਸਮੂਹ ਸ਼ਹੀਦਾਂ ਦੀ ਯਾਦ ’ਚ ਸ਼ਹੀਦੀ ਗੈਲਰੀ ਦੀ ਕੀਤੀ ਸੰਪੂਰਨਤਾ

**☛ ਸਿੰਘ ਸਾਹਿਬ ਜਥੇਦਾਰ ਗਿ.ਰਘਬੀਰ ਸਿੰਘ,ਜਥੇਦਾਰ ਗਿ. ਸੁਲਤਾਨ ਸਿੰਘ, ਜਥੇਦਾਰ ਗਿ.ਹਰਪ੍ਰੀਤ ਸਿੰਘ,ਬਾਬਾ ਹਰਨਾਮ ਸਿੰਘ ਖਾਲਸਾ ਤੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਸ਼ਹੀਦੀ ਗੈਲਰੀ ਦਾ ਕੀਤਾ ਉਦਘਾਟਨ ☛ਸ਼ਹੀਦਾਂ ਦੀ ਯਾਦ ‘ਚ ਬਣੀ ਇਸ ਗੈਲਰੀ ਨੇ ਜੂਨ ’84 ਦੇ ਅਮਿੱਟ ਇਤਿਹਾਸ ਨੂੰ ਮੁੜ ਸੁਰਜੀਤ ਕੀਤਾ ਹੈ-ਜਥੇਦਾਰ ਗਿ. ਰਘਬੀਰ ਸਿੰਘ ☛ ਦਮਦਮੀ ਟਕਸਾਲ ਸਿੱਖ ਕੌਮ ਦੀ ਚੜ੍ਹਦੀ ਕਲਾ ਲਈ ਅਜਿਹੇ ਕਾਰਜਾਂ ਨੂੰ ਪਹਿਲ ਦੇ ਆਧਾਰ ‘ਤੇ ਕਰਦੀ ਰਹੇਗੀ-ਗਿ. ਹਰਨਾਮ ਸਿਘ ਖਾਲਸਾ**





**ਚੌਂਕ ਮਹਿਤਾ,09ਮਾਰਚ (ਪਾਲ)**-ਜੂਨ 84 ਦੇ ਤੀਸਰੇ ਘੱਲੂਘਾਰੇ ਦੌਰਾਨ ਦਮਦਮੀ ਟਕਸਾਲ ਦੇ 14ਵੇਂ ਮੁਖੀ ਸੰਤ ਗਿਆਨੀ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਦੀ ਅਗਵਾਈ ਹੇਠ ਸ਼ਹਾਦਤਾਂ ਦਾ ਜਾਮ ਪੀਣ ਵਾਲੇ ਸ਼ਹੀਦ ਭਾਈ ਅਮਰੀਕ ਸਿੰਘ ਪ੍ਰਧਾਨ ਆਲ ਇੰਡੀਆ ਸਿੱਖ ਸਟੂਡੈਂਟ ਫੈਡਰੇਸ਼ਨ, ਸ਼ਹੀਦ ਜਨਰਲ ਸਰਦਾਰ ਸੁਬੇਗ ਸਿੰਘ,ਸ਼ਹੀਦ ਬਾਬਾ ਠਾਹਰਾ ਸਿੰਘ ਤੇ ਘੱਲੂਘਾਰੇ ਹਫਤੇ ਦੇ ਅੰਦਰ ਸ਼ਹੀਦ ਹੋਣ ਵਾਲੇ ਸਮੂਹ ਸਿੰਘਾਂ-

ਆਵਾਜ਼ਿ ਕੌਮ AWAZE QAUM International Newspaper & WEB TV

ਸਿੰਘਣੀਆਂ ਤੇ ਭੁਝੰਗੀਆਂ ਦੀ ਯਾਦ ’ਚ ਦਰਬਾਰ ਸਾਹਿਬ ਕੰਪਲੈਕਸ ’ਚ ਸਥਾਪਤ ਗੁਰਦਵਾਰਾ ਯਾਦਗਾਰ ਸ਼ਹੀਦਾਂ ਦੀ ਜ਼ਮੀਨਦੋਜ਼ ਹਾਲ ’ਚ ਦਮਦਮੀ ਟਕਸਾਲ ਦੇ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਦੀ ਅਗਵਾਈ ਹੇਠ ਬਣ ਕੇ ਤਿਆਰ ਹੋਈ ਸ਼ਹੀਦੀ ਗੈਲਰੀ ਦੀ ਸੰਪੂਰਨਤਾ ਤੋਂ ਬਾਅਦ ਅੱਜ ਇਸ ਨੂੰ ਸਿੱਖ ਕੌਮ ਦੇ ਸਪੁਰਦ ਕਰ ਦਿੱਤਾ ਗਿਆ ਹੈ।

ਅੱਜ ਇਸ ਸ਼ਹੀਦੀ ਗੈਲਰੀ ਨੂੰ ਸਿੱਖ ਸੰਗਤਾਂ ਦੇ ਦਰਸ਼ਨਾਂ ਲਈ ਖੋਲ੍ਹੇ ਜਾਣ ਮੌਕੇ ਰੱਖੇ ਗਏ ਸਮਾਗਮ ‘ਚ ਵਿਸ਼ੇਸ਼ ਤੌਰ ‘ਤੇ ਪੁੱਜੇ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ,ਸਿੰਘ ਸਾਹਿਬ ਗਿਆਨੀ ਸੁਲਤਾਨ ਸਿੰਘ ਜਥੇਦਾਰ ਸ੍ਰੀ ਕੇਸਗੜ੍ਹ ਸਾਹਿਬ,ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਜਥੇਦਾਰ ਸ੍ਰੀ ਦਮਦਮਾ ਸਾਹਿਬ, ਦਮਦਮੀ ਟਕਸਾਲ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਤੇ ਐਡਵੋਕੇਟ ਭਾਈ ਹਰਜਿੰਦਰ ਸਿੰਘ ਧਾਮੀ ਪ੍ਰਧਾਨ ਸ਼੍ਰੋਮਣੀ ਕਮੇਟੀ ਨੇ ਇਸ ਸ਼ਹੀਦੀ ਗੈਲਰੀ ਦਾ ਸ਼ੁੱਭ ਉਦਘਾਟਨ ਕੀਤਾ,ਜਿਸ ਮੌਕੇ ਬਾਬਾ ਧਰਮ ਸਿੰਘ ਯੂ.ਐੱਸ.ਏ.,ਗਿਆਨੀ ਪਿੰਦਰਪਾਲ ਸਿੰਘ ਤੇ ਭਾਈ ਈਸ਼ਰ ਸਿੰਘ ਸਪੁੱਤਰ ਸੰਤ ਗਿਆਨੀ ਜਰਨੈਲ ਸਿੰਘ ਭਿੰਡਰਾਂਵਾਲੇ ਆਦਿ ਵੀ ਨਾਲ ਮੌਜੂਦ ਸਨ। ਇਸ ਦੌਰਾਨ ਸ਼ਹੀਦੀ ਗੈਲਰੀ ਦੀ ਸੰਪੂਰਨਤਾ ਦੇ ਸ਼ੁਕਰਾਨੇ ਵਜੋਂ ਸ੍ਰੀ ਆਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਤੇ ਸਮਾਗਮ’ਚ ਹਾਜ਼ਰ ਜੂਨ ’84 ਦੇ ਸ਼ਹੀਦਾਂ ਦੇ ਪਰਿਵਾਰਾਂ ਦਾ ਸਨਮਾਨ ਵੀ ਕੀਤਾ ਗਿਆ।

ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਸ਼ਹੀਦੀ ਗੈਲਰੀ ਬਣਾਏ ਜਾਣ ਨੂੰ ਸਮੇਂ ਦੀ ਮੁੱਖ ਲੋੜ ਦੱਸਦਿਆ ਕਿਹਾ ਕਿ ਸਾਡੇ ਬੱਚਿਆਂ ਨੂੰ ਆਪਣੇ ਸ਼ਹੀਦਾਂ ਬਾਰੇ ਦੱਸਣਾ ਬਹੁਤ ਜ਼ਰੂਰੀ ਹੈ ਤੇ ਇਹ ਸ਼ਹੀਦੀ ਗੈਲਰੀ ਉਸ ਮਨੋਰਥ ਨੂੰ ਭਲ਼ੀਭਾਂਤ ਪੂਰਾ ਕਰਦੀ ਹੈ।ਉਨ੍ਹਾਂ ਨੇ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਦਾ ਧੰਨਵਾਦ ਕਰਦਿਆ ਕਿਹਾ ਕਿ ਦਮਦਮੀ ਟਕਸਾਲ ਨੇ ਇਸ ਗੈਲਰੀ ਨੂੰ ਤਿਆਰ ਕਰਕੇ ਤੀਸਰੇ ਘੱਲੂਘਾਰੇ ਦੇ ਅਮਿੱਟ ਇਤਿਹਾਸ ਨੂੰ ਮੁੜ ਸੁਰਜੀਤ ਕੀਤਾ ਹੈ।

ਸਿੰਘ ਸਾਹਿਬ ਗਿਆਨੀ ਸੁਲਤਾਨ ਸਿੰਘ ਤੇ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਨੇ ਵੀ ਇਸ ਗੈਲਰੀ ਦੀ ਮਹੱਤਤਾ ਨੂੰ ਦਰਸਾਉਂਦਿਆ ਕਿਹਾ ਕਿ ਇਹ ਸ਼ਹੀਦੀ ਗੈਲਰੀ ਜੂਨ ’84 ਦੇ ਸਮੂਹ ਸ਼ਹੀਦਾਂ ਨੂੰ ਵੱਡੀ ਸ਼ਰਧਾਂਜਲੀ ਹੋਵੇਗੀ।ਉਨ੍ਹਾਂ ਨੇ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆ ਕਿਹਾ ਕਿ ਦਮਦਮੀ ਟਕਸਾਲ ਵੱਲੋਂ ਬਹੁਤ ਘਾਲਣਾ ਨਾਲ ਇਸ ਕਾਰਜ ਨੂੰ ਨੇਪਰੇ ਚਾੜ੍ਹਿਆ ਗਿਆ ਹੈ,ਜੋ ਕਿ ਕੌਮ ਲਈ ਬਹੁਤ ਵੱਡੀ ਦੇਣ ਹੈ।

ਇਸ ਮੌਕੇ ਸ੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸੰਬੋਧਨ ਕਰਦਿਆ ਕਿਹਾ ਕਿ ਕੌਮ ਲਈ ਆਪਾ ਵਾਰਨ ਵਾਲੇ ਸ਼ਹੀਦ ਸਿੰਘਾਂ ਨੂੰ ਯਾਦ ਕਰਨ ਤੇ ਉਨ੍ਹਾਂ ਨੂੰ ਮਾਣ ਸਤਿਕਾਰ ਦੇਣਾ ਸਾਡਾ ਮੁੱਢਲਾ ਫਰਜ਼ ਹੈ,ਕਿਉਂਕਿ ਇਸ ਸ਼ਹੀਦ ਸਾਡੇ ਕੌਮ ਦਾ ਸਰਮਾਇਆ ਹਨ।ਉਨ੍ਹਾਂ ਨੇ ਕਿਹਾ ਕਿ ਜੂਨ ’84 ਘੱਲੂਗਾਰੇ ਦੌਰਾਨ ਸ਼ਹੀਦ ਹੋਣ ਵਾਲੇ ਸਮੂਹ ਸਿੰਘਾਂ ਸਿੰਘਣੀਆਂ ਤੇ ਭੁਝੰਗੀਆਂ ਦੀ ਯਾਦ ਨੂੰ ਸਮਰਪਿਤ ਇਹ ਸ਼ਹੀਦੀ ਗੈਲਰੀ ਬਣਾਉਣਾ ਬਹੁਤ ਵੱਡਾ ਕਾਰਜ ਹੈ।



ਇਸ ਯਾਦਗਾਰੀ ਨੂੰ ਬਣਾਉਣ ਸਬੰਧੀ ਆਪਣੇ ਵਿਚਾਰ ਦੱਸਦੇ ਹੋਏ ਦਮਦਮੀ ਟਕਸਾਲ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਭਿੰਡਰਾਂਵਾਲਿਆਂ ਨੇ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸਿੱਖ ਪੰਥ ਵੱਲੋਂ ਸਪੁਰਦ ਕੀਤੀ ਗਈ ਇਸ ਜ਼ਿੰਮੇਵਾਰੀ ਨੂੰ ਸੰਪੂਰਨ ਕਰਨ ਦੇ ਉਦੇਸ਼ ਨਾਲ ਜੂਨ ’84 ਦੇ ਘੱਲੂਘਾਰੇ ਦੇ ਸਬੰਧੀ ਅੰਕੜਿਆਂ ਨੂੰ ਇਕੱਤਰ ਕਰਦਿਆਂ ਜੂਨ 1 ਤੋਂ 6 ਜੂਨ ਤੱਕ ਸ਼ਹੀਦ ਹੋਣ ਵਾਲੇ ਸਮੂਹ ਯੋਧਿਆਂ,ਪੰਥਕ ਆਗੂਆਂ ਤੇ ਸ਼ਰਧਾਂਲੂਆਂ ਦੇ ਨਾਵਾਂ ਇੱਕ ਸੂਚੀ ਤਿਆਰ ਕੀਤੀ ਗਈ ਸੀ।ਅੱਜ ਦਮਦਮੀ ਟਕਸਾਲ ਵੱਲੋ ਇੰਨ੍ਹਾਂ ਸਭਨਾਂ ਸ਼ਹੀਦਾਂ ਦੀਆਂ ਤਸਵੀਰਾਂ ਇਸ ਗੈਲਰੀ ਅੰਦਰ ਲਗਾਈਆਂ ਗਈਆਂ ਹਨ ਤੇ ਕੁਝ ਸ਼ਹੀਦਾਂ ਦੀਆਂ ਤਸਵੀਰਾਂ ਦੀ ਅਣਹੋਂਦ ‘ਚ ਉਨ੍ਹਾਂ ਦੇ ਨਾਮ ਦਰਜ ਕੀਤੇ ਗਏ ਹਨ।ਇਸਦੇ ਨਾਲ ਹੀ ਘੱਲੂਘਾਰੇ ਦੌਰਾਨ ਢਹਿ ਢੇਰੀ ਹੋਏ ਸ੍ਰੀ ਅਕਾਲ ਤਖਤ ਸਾਹਿਬ ਦੇ ਵਿਸ਼ਾਲ ਮਾਡਲ ਨੂੰ ਇਸ ਗੈਲਰੀ ‘ਚ ਸੁਸ਼ੋਭਿਤ ਕੀਤਾ ਗਿਆ ਹੈ।ਉਨ੍ਹਾਂ ਕਿਹਾ ਕਿ ਇਸ ਸ਼ਹੀਦੀ ਗੈਲਰੀ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਇੱਕ ਸਬਕ ਹੋਵੇਗਾ ਕਿ ਕਿਵੇਂ ਸਾਡੀ ਕੌਮ ਨੇ ਸਰਕਾਰੀ ਹਕੂਮਤਾਂ ਦੇ ਜ਼ਬਰ ਜ਼ੁਲਮ ਨੂੰ ਆਪਣੇ ਪਿੰਡੇ ਤੇ ਹੰਢਾਇਆ ਸੀ ਤੇ ਕਿਵੇਂ ਸਾਡੀ ਕੌਮ ਦੇ ਯੌਧਿਆਂ ਨੇ ਡੱਟ ਕੇ ਇਸ ਜ਼ਬਰ ਜ਼ੁਲਮ ਦਾ ਸਾਹਮਣਾ ਕਰਦਿਆਂ ਸ਼ਹੀਦੀਆਂ ਪ੍ਰਾਪਤ ਕੀਤੀਆ ਸਨ।ਉਨ੍ਹਾਂ ਕਿਹਾ ਕਿ ਇਸ ਸ਼ਹੀਦੀ ਯਾਦਗਾਰ ਨੂੰ ਬਣਾਉਣਾ ਦਮਦਮੀ ਟਕਸਾਲ ਲਈ ਇੱਕ ਚਣੌਤੀ ਵਾਂਗ ਸੀ ਪਰ ਅਕਾਲ ਪੁਰਖ ਦੀ ਆਪਾਰ ਕ੍ਰਿਪਾ ਸਦਕਾ ਉਹ ਇਸ ਕਾਰਜ ਨੂੰ ਸੰਪੂਰਨ ਕਰਨ ‘ਚ ਸਫਲ ਰਹੇ ਤੇ ਭਵਿੱਖ ‘ਚ ਵੀ ਦਮਦਮੀ ਟਕਸਾਲ ਸਿੱਖ ਕੌਮ ਦੀ ਚੜ੍ਹਦੀ ਕਲਾ ਲਈ ਅਜਿਹੇ ਕਾਰਜਾਂ ਨੂੰ ਪਹਿਲ ਦੇ ਆਧਾਰ ‘ਤੇ ਕਰਦੀ ਰਹੇਗੀ। ਇਸ ਮੌਕੇ ਬਾਬਾ ਬੰਤਾ ਸਿੰਘ ਮੁੰਡਾਪਿੰਡ ਵਾਲੇ,ਭਾਈ ਜਸਪਾਲ ਸਿੰਘ ਚੇਅਰਮੈਨ ਸਿੱਖ ਸੁਪਰੀਮ ਕੌਂਸਲ ਮੁੰਬਈ,ਬੀਬੀ ਸਤਵੰਤ ਕੌਰ ਸਪੁਤਰੀ ਸ਼ਹੀਦ ਭਾਈ ਅਮਰੀਕ ਸਿੰਘ,ਭਾਈ ਬੇਅੰਤ ਸਿੰਘ ਭਰਾਤਾ ਸ਼ਹੀਦ ਜਨਰਲ ਸੁਬੇਗ ਸਿੰਘ,ਭਾਈ ਮਨਜੀਤ ਸਿੰਘ, ਭਾਈ ਗੁਰਬਖਸ਼ ਸਿੰਘ ਖਾਲਸਾ ਮੀਤ ਪ੍ਰਧਾਨ ਸ਼੍ਰੋਮਣੀ ਕਮੇਟੀ,ਸ਼੍ਰੋਮਣੀ ਕਮੇਟੀ ਮੈਂਬਰ ਭਾਈ ਰਜਿੰਦਰ ਸਿੰਘ ਮਹਿਤਾ,ਭਾਈ ਗੁਰਚਰਨ ਸਿੰਘ ਗਰੇਵਾਲ,ਭਾਈ ਅਮਰਜੀਤ ਸਿੰਘ ਚਾਵਲਾ ,ਐਡਵੋਕੇਟ ਭਾਈ ਭਗਵੰਤ ਸਿੰਘ ਸਿਆਲਕਾ ਤੇ ਭਾਈ ਸਰਬਜੀਤ ਸਿੰਘ ਘੁਮਾਣ,ਭਾਈ ਅਜੈਬ ਸਿੰਘ ਅਭਿਆਸੀ,ਡਾ.ਇੰਦਰਜੀਤ ਸਿੰਘ ਗੋਗੋਆਣੀ,ਦੀਪ ਸਿੰਘ ਯੂ.ਐੱਸ.ਏ.,ਲਖਵਿੰਦਰ ਸਿੰਘ ਪੱਪੂ ਯੂ.ਐੱਸ.ਏ.,ਗਿਆਨੀ ਜੀਵਾ ਸਿੰਘ ਚਰਨਪ੍ਰੀਤ ਸਿੰਘ ਹੈਪੀ,ਹੀਰਾ ਸਿੰਘ ਪੱਡਾ,ਅਮਰਜੀਤ ਸਿੰਘ ਮੁੰਬਈ,ਭਾਈ ਅਵਤਾਰ ਸਿੰਘ ਬੁੱਟਰ,ਭਾਈ ਹਰਸ਼ਦੀਪ ਸਿੰਘ (ਦੋਵੇਂ ਮੈਂਬਰ ਚੀਫ ਖਾਲਸਾ ਦੀਵਾਨ),ਜਥੇਦਾਰ ਸੁਖਦੇਵ ਸਿੰਘ ਆਨੰਦਪੁਰ ਸਾਹਿਬ ਵਾਲੇ,ਬਾਬਾ ਅਜੀਤ ਸਿੰਘ,ਗਿਆਨੀ ਸਾਹਬ ਸਿੰਘ,ਬਾਬਾ ਬੋਹੜ ਸਿੰਘ ਆਦਿ ਤੋਂ ਇਲਾਵਾ ਵੱਡੀ ਗਿਣਤੀ ‘ਚ ਪੰਥਕ ਸਖਸ਼ੀਅਤਾਂ ਤੇ ਸੰਗਤਾਂ ਮੌਜੂਦ ਸਨ।



# ਰਾਜਦੂਤ ਤਰਨਜੀਤ ਸਿੰਘ ਸੰਧੂ ਨੇ ਬਾਬਾ ਦੀਪ ਸਿੰਘ ਜੀ ਦੇ ਸ਼ਹੀਦੀ ਅਸਥਾਨ ਗੁਰਦੁਆਰਾ ਸ਼੍ਰੀ ਟਾਹਲਾ ਸਾਹਿਬ ਵਿਖੇ ਮੱਥਾ ਟੇਕਿਆ

☛ ਤੇਜਾ ਸਿੰਘ ਸਮੁੰਦਰੀ ਨੇ ਪੰਥ ਦੇ ਕਾਰਜਾਂ ਲਈ ਪਰਿਵਾਰ ਦਾ ਸ਼ਰਮਾਇਆ ਹੀ ਨਹੀਂ ਸਗੋਂ ਸ਼ਹਾਦਤ ਪਾ ਕੇ ਆਪਣੇ ਆਪ ਨੂੰ ਵੀ ਨਿਛਾਵਰ ਕੀਤਾ। ☛ ਸਮੁੰਦਰੀ ਪਰਿਵਾਰ ਕੁਰਬਾਨੀਆਂ ਵਾਲੇ ਅਤੇ ਪੰਥ ਨੂੰ ਸਮਰਪਿਤ ਪਰਿਵਾਰ ਹੈ: ਬਾਬਾ ਦਰਸ਼ਨ ਸਿੰਘ ਟਾਹਲਾ ਸਾਹਿਬ। ☛ ਗੁਰੂ ਨਗਰੀ ਅਤੇ ਇੱਥੋਂ ਦੇ ਲੋਕਾਂ ਦੀ ਸੇਵਾ ਹੀ ਮੇਰਾ ਮਕਸਦ ਹੈ- ਅੰਬੈਸਡਰ ਤਰਨਜੀਤ ਸਿੰਘ ਸੰਧੂ





**ਅੰਮ੍ਰਿਤਸਰ 9 ਮਾਰਚ (ਆਵਾਜ਼ਿ ਕੌਮ ਬਿਊਰੋ)**-ਲੋਕ ਸਭਾ ਚੋਣਾਂ ਪ੍ਰਤੀ ਅੰਮ੍ਰਿਤਸਰ ਲੋਕ ਸਭਾ ਸ਼ੀਟ ਲਈ ਭਾਜਪਾ ਦੇ ਸੰਭਾਵੀ ਉਮੀਦਵਾਰ ਅਤੇ ਅਮਰੀਕਾ ਵਿਚ ਭਾਰਤੀ ਰਾਜਦੂਤ ਰਹੇ ਸਰਦਾਰ ਤਰਨਜੀਤ ਸਿੰਘ ਸੰਧੂ ਨੇ ਅੱਜ ਅੰਮ੍ਰਿਤਸਰ ਦੇ ਨਜ਼ਦੀਕ ਧੰਨ ਧੰਨ ਬਾਬਾ ਦੀਪ ਸਿੰਘ ਜੀ ਦੇ ਸ਼ਹੀਦੀ ਅਸਥਾਨ ਗੁਰਦੁਆਰਾ ਸ਼੍ਰੀ ਟਾਹਲਾ ਸਾਹਿਬ ਵਿਖੇ ਮੱਥਾ ਟੇਕਿਆ ਅਤੇ ਸ਼ਰਬਤ ਦੇ ਭਲੇ ਦੀ ਅਰਦਾਸ ਕੀਤੀ। ਇਸ ਮੌਕੇ ਸ਼ਹੀਦੀ ਅਸਥਾਨ ਦੇ ਮੁੱਖ ਪ੍ਰਬੰਧਕ ਸੰਤ ਬਾਬਾ ਦਰਸ਼ਨ ਸਿੰਘ ਜੀ ਟਾਹਲਾ ਸਾਹਿਬ ਨੇ ਗੁਰੂ ਕੇ ਦਰਬਾਰ ਵਿਖੇ ਅੰਬੈਸਡਰ ਸੰਧੂ ਨੂੰ ਸਿਰੋਪਾਉ ਅਤੇ ਯਾਦਗਾਰੀ ਤਸਵੀਰ ਨਾਲ ਸਨਮਾਨਿਤ ਕੀਤਾ ਅਤੇ ਕਿਹਾ ਕਿ ਅੰਬੈਸਡਰ ਸੰਧੂ ਜਿਸ ਤੇਜਾ ਸਿੰਘ ਸਮੁੰਦਰੀ ਦੇ ਪਰਿਵਾਰ ਦਾ ਲਖਤੇਜਿਕਰ ਹਨ, ਉਹ ਬਹੁਤ ਕੁਰਬਾਨੀਆਂ ਵਾਲੇ ਅਤੇ ਪੰਥ ਨੂੰ ਸਮਰਪਿਤ ਪਰਿਵਾਰ ਹੈ। ਉਨ੍ਹਾਂ ਕਿਹਾ ਕਿ ਸਰਦਾਰ ਤੇਜਾ ਸਿੰਘ ਨੇ ਸਿੱਖ ਕੌਮ ਅਤੇ ਗੁਰਦੁਆਰਿਆਂ ਨੂੰ ਅਜ਼ਾਦ ਕਰਾਉਣ ਲਈ ਅੱਗੇ ਹੋਕੇ ਲੜਾਈ ਲੜੀ ਅਤੇ ਕੌਮ ਦੀ ਅਗਵਾਈ ਕੀਤੀ। ਉਨ੍ਹਾਂ ਪੰਥ ਦੇ ਕਾਰਜਾਂ ਲਈ ਪਰਿਵਾਰ ਦਾ ਸਰਮਾਇਆ ਹੀ ਨਹੀਂ ਆਪਣੇ ਆਪ ਨੂੰ ਵੀ ਨਿਛਾਵਰ ਕਰ ਸ਼ਹਾਦਤ ਪਾਈ। ਉਨ੍ਹਾਂ ਸਰਦਾਰ ਸੰਧੂ ਦੇ ਮਾਤਾ ਤੇ ਪਿਤਾ ਸਰਦਾਰ ਬਿਸ਼ਨ ਸਿੰਘ ਸਮੁੰਦਰੀ ਵੱਲੋਂ ਸਿੱਖਿਆ ਦੇ ਖੇਤਰ ਵਿਚ ਪਾਏ ਗਏ ਵਡਮੁੱਲੇ ਯੋਗਦਾਨ ਨੂੰ ਵੀ ਯਾਦ ਕੀਤਾ। ਉਨ੍ਹਾਂ ਕਿਹਾ ਕਿ ਅੱਜ ਪੰਜਾਬ ਅਤੇ ਸਿੱਖ ਕੌਮ ਨੂੰ ਸਰਦਾਰ ਤੇਜਾ ਸਿੰਘ ਸਮੁੰਦਰੀ ਜਿਹੇ ਨਿਸ਼ਕਾਮ, ਲਿਆਕਤ ਤੇ ਇਖ਼ਲਾਕ ਵਾਲੇ ਨਿਡਰ ਤੇ ਪੰਥਕ ਸੋਚ ਦੇ ਧਾਰਨੀ ਆਗੂਆਂ ਦੀ ਬੜੀ ਲੋੜ ਹੈ। ਉਨ੍ਹਾਂ ਕਿਹਾ ਕਿਹਾ ਕਿ ਸਿੱਖਾਂ ਲਈ ਮਾਣ ਵਾਲੀ ਗਲ ਹੈ ਕਿ ਅੰਬੈਸਡਰ ਸੰਧੂ ਵਰਗੇ ਗੁਰੂ ਘਰ ਦੇ ਪ੍ਰੇਮੀਆਂ ਨੇ ਵਿਦੇਸ਼ਾਂ ਵਿਚ ਪੱਗ ਦੀ ਮਹੱਤਤਾ ਤੋਂ ਉੱਥੋਂ ਦੇ ਲੋਕਾਂ ਨੂੰ ਜਾਣੂ ਕਰਾਇਆ ਹੈ। ਉਨ੍ਹਾਂ ਸਰਦਾਰ ਸੰਧੂ ਨੂੰ ਵੱਧ ਤੋਂ ਵੱਧ ਅੱਗੇ ਹੋਕੇ ਚੜ੍ਹ ਦੀ ਕਲਾ ਨਾਲ ਸਮਾਜ ਦੀ ਸੇਵਾ ਕਰਨ ਲਈ ਕਿਹਾ। ਉਨ੍ਹਾਂ ਕਿਹਾ ਕਿ ਸਮਾਜ ਦੀ ਨਿਸ਼ਕਾਮ ਸੇਵਾ ਕਰਨ ਵਾਲਿਆਂ ਨਾਲ ਗੁਰੂ ਸਾਹਿਬ ਹਮੇਸ਼ਾਂ ਅੰਗ ਸੰਗ ਸਹਾਈ ਹੁੰਦੇ ਹਨ ਅਤੇ ਉਸ ਦੀ ਹਰ ਮੈਦਾਨ ਫ਼ਤਿਹ ਹੁੰਦੀ ਹੈ। ਇਸ ਮੌਕੇ ਅੰਬੈਸਡਰ ਤਰਨਜੀਤ ਸਿੰਘ ਸੰਧੂ ਨੇ ਵਿਸ਼ਵਾਸ ਦਿਵਾਉਂਦਿਆਂ ਕਿਹਾ ਕਿ ਗੁਰੂ ਨਗਰੀ ਅਤੇ ਇੱਥੋਂ ਦੇ ਲੋਕਾਂ ਦੀ ਸੇਵਾ ਹੀ ਉਨ੍ਹਾਂ ਦਾ ਮਕਸਦ ਹੈ। ਇਸ 'ਚ ਕੋਈ ਕੋਈ ਕਮੀ ਨਹੀਂ ਰਹਿਣ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਿੱਖਾਂ ਨੂੰ ਪਿਆਰ ਕਰਨ ਵਾਲੇ ਹਨ। ਉਨ੍ਹਾਂ ਕਰਤਾਰਪੁਰ ਲਾਂਘਾ ਉਸਾਰ ਕੇ ਸ਼੍ਰੀ ਕਰਤਾਰ ਪੁਰ ਦੇ ਦਰਸ਼ਨਾਂ ਨੂੰ ਸੁਖਾਲ਼ਿਆਂ ਕੀਤਾ, ਗੁਰੂ ਸਾਹਿਬਾਨ ਦੀਆਂ ਸ਼ਤਾਬਦੀਆਂ, ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਨੂੰ ਸਿੱਜਦਾ ਕਰਨ ਲਈ ਵੀਰ ਬਾਲ ਦਿਵਸ ਸਰਕਾਰੀ ਪੱਧਰ 'ਤੇ ਮਨਾਏ ਗਏ। ਅਫ਼ਗ਼ਾਨਿਸਤਾਨ ਤੋਂ ਗੁਰੂ ਗ੍ਰੰਥ ਸਾਹਿਬ ਜੀ ਦੇ ਤਿੰਨ ਸਰੂਪ ਸੁਰੱਖਿਅਤ ਲਿਆਂਦੇ ਗਏ, ਨਵੰਬਰ '84 ਦੇ ਕਤਲੇਆਮ ਦੇ ਦੋਸ਼ੀਆਂ ਖਿਲਾਫ ਕਾਰਵਾਈ ਕਰਦਿਆਂ ਸਿੱਖਾਂ ਦੇ ਪੀੜਤ ਹਿਰਦਿਆਂ ਨੂੰ ਮਲ੍ਹਮ ਲਾਇਆ, ਕਾਲੀ ਸੂਚੀ ਦਾ ਖ਼ਾਤਮਾ ਕੀਤਾ। ਉਨ੍ਹਾਂ ਕਿਹਾ ਕਿ ਸਿੱਖ ਪੰਥ ਨੂੰ ਦਰਪੇਸ਼ ਹੋਰ ਮਸਲਿਆਂ ਨੂੰ ਜਲਦ ਸੁਲਝਾ ਲਿਆ ਜਾਵੇਗਾ। ਇਸ ਮੌਕੇ ਮੈਨੇਜਰ ਰਣਦੀਪ ਸਿੰਘ, ਪ੍ਰੋ ਸਰਚਾਂਦ ਸਿੰਘ ਖਿਆਲਾ, ਸੁਖਵਿੰਦਰ ਸਿੰਘ ਸੰਧੂ, ਗੁਰਕੀਰਤ ਸਿੰਘ ਢਿੱਲੋਂ, ਅਦਿੱਤਿਆ ਮਹਿਰਾ ਅਤੇ ਅਰਜਨ ਵਧਵਾ ਵੀ ਮੌਜੂਦ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਹਲਕਾ 093 ਦਿਹਾਤੀ ਬਠਿੰਡਾ ਦੇ ਵੋਟਰਾਂ ਨੂੰ ਕੀਤਾ ਗਿਆ ਜਾਗਰੂਕ







ਬਠਿੰਡਾ/ਤਲਵੰਡੀ ਸਾਬੋ, 09 ਮਾਰਚ (ਗੁਰਜੰਟ ਸਿੰਘ ਨਥੇਹਾ)- ਮੁੱਖ ਚੋਣ ਕਮਿਸ਼ਨਰ ਦੇ ਦਿਸ਼ਾ ਨਿਰਦੇਸ਼ਾਂ ਅਤੇ ਏ.ਡੀ.ਸੀ. ਬਠਿੰਡਾ (ਵਿਕਾਸ) ਮੈਡਮ ਲਵਜੀਤ ਕਲਸੀ ਦੀ ਅਗਵਾਈ ਵਿੱਚ 093 ਦਿਹਾਤੀ ਬਠਿੰਡਾ ਦੇ ਵੋਟਰਾਂ ਨੂੰ ਜਾਗਰੂਕ ਕਰਨ ਲਈ ਹਲਕੇ ਵਿੱਚ ਵੋਟਰ ਜਾਗਰੂਕਤਾ ਵੈਨਾਂ ਭੇਜ ਕੇ ਵੋਟਰ ਜਾਗਰੂਕਤਾ ਕੈਂਪ ਲਗਾਏ ਗਏ। ਮੈਡਮ ਲਵਜੀਤ ਕਲਸੀ ਦੀ ਅਗਵਾਈ ਵਿੱਚ ਹਰ ਰੋਜ਼ ਲਗਾਤਾਰ ਵੱਖ-ਵੱਖ ਪਿੰਡਾਂ ਵਿੱਚ ਵੋਟਰਸ ਜਾਗਰੂਕਤਾ ਵੈਨਾਂ ਰਾਹੀਂ ਵੋਟਰਾਂ ਨੂੰ ਜਾਗਰੂਕ ਕੀਤਾ ਗਿਆ। ਮੈਡਮ ਲਵਜੀਤ ਕਲਸੀ ਵੱਲੋਂ ਵੈਨਾਂ ਨੂੰ ਹਰੀ ਝੰਡੀ ਵਿਖਾਉਣ ਸਮੇਂ ਸੁਪਰਵਾਈਜ਼ਰ, ਮਾਸਟਰ ਟੈਂਨਰ, ਈ.ਵੀ.ਐਮ. ਸਿਕਿਉਰਟੀ ਮੈਂਬਰ ਵੀ ਹਾਜ਼ਰ ਸਨ। ਜਾਗਰੂਕਤਾ ਵੈਨਾਂ ਨੂੰ ਹਰੀ ਝੰਡੀ ਮੈਡਮ ਲਵਜੀਤ ਕਲਸੀ ਨੇ ਵਿਖਾਈ ਸੀ। ਉਹਨਾਂ ਦੱਸਿਆ ਕਿ ਇਹ ਵੈਨਾਂ ਰੋਜ਼ਾਨਾ ਹਲਕੇ ਦੇ ਵੱਖ-ਵੱਖ ਪਿੰਡਾਂ ਵਿੱਚ ਜਾ ਕੇ ਵੋਟਰਾਂ ਨੂੰ ਜਾਗਰੂਕ ਕਰ ਰਹੀਆਂ ਸਨ। ਇਸ ਸਮੇਂ ਵੈਨਾਂ ਦੇ ਨਾਲ ਮਾਸਟਰ ਟ੍ਰੇਨਰ, ਜਿਲ੍ਹੇ ਦੀ ਸਵੀਟ ਟੀਮ ਦੇ ਮੈਂਬਰ, ਸੰਬੰਧਿਤ ਹਲਕੇ ਦੇ ਸੁਪਰਵਾਈਜ਼ਰ, ਸਹਾਇਕ ਸੁਪਰਵਾਈਜ਼ਰ, ਸੇਵਾਦਾਰ ਤੇ ਈ.ਵੀ.ਐਮ. ਸਿਕਿਉਰਟੀ ਦੇ ਮੈਂਬਰ ਵੀ ਭੇਜੇ ਜਾਂਦੇ ਸਨ। ਮਾਸਟਰ ਟ੍ਰੇਨਰ ਸ੍ਰ. ਅਮਰਜੀਤ ਅਮਰਦੀਪ ਸਿੰਘ ਅਤੇ ਸ਼੍ਰੀ ਮੋਤੀ ਰਾਮ ਨੇ ਦੱਸਿਆ ਕਿ ਇਹ ਵੈਨਾਂ ਸਵੇਰ ਤੋਂ ਹੀ ਹਰ ਰੋਜ਼ ਵੱਖ-ਵੱਖ ਪਿੰਡਾਂ ਵਿੱਚ ਜਾ ਕੇ ਵੋਟਰਾਂ ਨੂੰ ਵੋਟ ਪਾਉਣ ਸੰਬੰਧੀ ਟ੍ਰੇਨਿੰਗ ਦੇ ਰਹੀਆਂ ਸਨ। ਇਹ ਵੈਨਾਂ ਹਲਕੇ ਵਿੱਚ ਇਕੱਠ ਤੇ ਭੀੜ ਵਾਲੀਆਂ ਥਾਵਾਂ 'ਤੇ ਜਾ ਕੇ ਵੋਟਰਾਂ ਨੂੰ ਜਾਗਰੂਕ ਕਰਨ ਦੇ ਨਾਲ ਨਾਲ ਬੈਲਟ ਯੂਨਿਟ, ਕੰਟਰੋਲ ਯੂਨਿਟ ਅਤੇ ਵੀ.ਵੀ. ਪੈਡ ਰਾਹੀਂ ਪਰਚੀਆਂ ਦੀ ਡਿਸਪਲੇ ਬਾਰੇ ਵੀ ਜਾਣਕਾਰੀ ਦੇ ਰਹੀਆਂ ਸਨ। ਹਲਕੇ ਦੇ ਵੋਟਰਾਂ ਨੇ ਬਹੁਤ ਦਿਲਚਸਪੀ ਦਿਖਾਈ ਤੇ ਅਤੇ ਵੋਟਰ ਜਾਗਰੂਕਤਾ ਵੈਨਾਂ ਨੂੰ ਭਰਵਾਂ ਹੁੰਗਾਰਾ ਵੀ ਦਿੱਤਾ। ਜਾਗਰੂਕਤਾ ਵੈਨਾਂ ਨੂੰ ਤੋਰਨ ਸਮੇਂ ਸਰਦਾਰ ਹਰਪਾਲ ਸਿੰਘ, ਸੁਖਚਰਨ ਸਿੰਘ, ਸਤਨਾਮ ਸਿੰਘ, ਹਰਚਰਨ ਸਿੰਘ, ਸ੍ਰੀ ਭਾਗੀਰਥ ਸਿੰਘ ਅਤੇ ਸਵੀਪ ਮੁਖੀ ਪ੍ਰਿੰਸੀਪਲ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦਿਓਣ ਤੋਂ ਇਲਾਵਾ ਇਲੈਕਸ਼ਨ ਸੈੱਲ ਦਾ ਸਮੂਹ ਸਟਾਫ ਵੀ ਹਾਜ਼ਰ ਸੀ।

ਆਵਾਜ਼ਿ ਕੌਮ AWAZE QAUM International Newspaper & WEB TV

## ਲੈਸਟਰ ਕਾਲਜ ਵਿੱਚ

# ਸਿੱਖ ਬੱਚੀ ਦੀ ਲਾਹੀ ਗਈ ਦਸਤਾਰ

## ਮਰਦ-ਔਰਤ-ਸਿੱਖ ਵਿਰੋਧੀ ਨਫਰਤ ਅਪਰਾਧ ਤੋਂ ਬਾਅਦ ਕਾਰਵਾਈ ਦੀ ਕੀਤੀ ਗਈ ਮੰਗ

**ਨਵੀਂ ਦਿੱਲੀ, 9 ਮਾਰਚ (ਮਨਪ੍ਰੀਤ ਸਿੰਘ ਖਾਲਸਾ):-** ਯੂਕੇ ਅਤੇ ਇਸ ਤੋਂ ਬਾਹਰ ਦੇ ਸਿੱਖ ਸਮੂਹ ਪਿਛਲੇ ਹਫ਼ਤੇ ਇੱਕ ਗੈਰ-ਸਿੱਖ ਪੁਰਸ਼ ਦੁਆਰਾ ਇੱਕ ਕਿਸ਼ੋਰ ਸਕੂਲੀ ਵਿਦਿਆਰਥਣ ਨਾਲ ਬੇਰਹਿਮੀ ਨਾਲ ਹਮਲੇ ਕੀਤੇ ਜਾਣ ਤੋਂ ਬਾਅਦ ਕਾਰਵਾਈ ਦੀ ਮੰਗ ਕਰ ਰਹੇ ਹਨ, ਜਿਸ ਵਿੱਚ ਉਸਦੀ ਦਸਤਾਰ (ਸਿੱਖਾਂ ਦੀ ਪੱਗ) ਨੂੰ ਪਾੜ ਦਿੱਤਾ ਗਿਆ ਸੀ। ਇਹ ਘਟਨਾ ਪਿਛਲੇ ਵੀਰਵਾਰ (29 ਫਰਵਰੀ) ਨੂੰ ਵਿਜੇਸਟਨ ਕੁਈਨ ਐਲਿਜ਼ਾਬੈਥ ਆਈ ਕਾਲਜ, ਲੈਸਟਰ (ਈਸਟ ਮਿਡਲੈਂਡਜ਼, ਯੂ.ਕੇ.) ਵਿੱਚ ਵਾਪਰੀ। ਵਿਦਿਆਰਥੀਆਂ ਦੁਆਰਾ ਕੀਤੇ ਗਏ ਹਮਲੇ ਦੀ ਇੱਕ ਵੀਡੀਓ ਵਾਇਰਲ ਹੋ ਗਈ, ਜਿਸ ਵਿੱਚ ਹੈਰਾਨ ਕਰਨ ਵਾਲੀ ਘਟਨਾ ਦਿਖਾਈ ਗਈ ਜਿੱਥੇ ਇੱਕ ਮਰਦ ਅਤੇ ਘੱਟੋ-ਘੱਟ ਇੱਕ ਹੋਰ ਔਰਤ ਨੇ ਕੌਰ (ਸਿੱਖ ਔਰਤ) 'ਤੇ ਹਮਲਾ ਕੀਤਾ, ਜਿਸ ਨਾਲ ਉਹ ਇੱਕ ਦੋਸਤ ਦੀ ਮਦਦ ਨਾਲ ਆਪਣਾ ਬਚਾਅ ਕਰਦੀ ਰਹੀ।

ਆਵਾਜ਼ਿ ਕੌਮ AWAZE QAUM International Newspaper & WEB TV

ਘਟਨਾ ਦੀ ਵਾਇਰਲ ਵੀਡੀਓ ਨੇ ਵਿਸ਼ਵਵਿਆਪੀ ਸਿੱਖ ਪ੍ਰਤੀਕਰਮ ਦੀ ਇੱਕ ਲਹਿਰ ਨੂੰ ਸ਼ੁਰੂ ਕਰ ਦਿੱਤਾ ਜਿਸ ਨੇ ਅਧਿਕਾਰੀਆਂ ਤੋਂ ਤੁਰੰਤ ਕਾਰਵਾਈ ਦੀ ਮੰਗ ਕੀਤੀ, ਨਾਲ ਹੀ ਸਿੱਖ ਸਮੂਹਾਂ ਨੂੰ ਇਹ ਯਕੀਨੀ ਬਣਾਉਣ ਲਈ ਕਿਹਾ ਕਿ ਲੜਕੀ ਦਾ ਸਮਰਥਨ ਕੀਤਾ ਜਾਵੇ ਅਤੇ ਇਸ ਕਾਰਵਾਈ ਨੂੰ ਅਸਵੀਕਾਰਨਯੋਗ ਦੱਸਿਆ ਗਿਆ।

ਵਿਦਿਆਰਥੀ ਦੇ ਪਰਿਵਾਰ ਨਾਲ ਕੰਮ ਕਰ ਰਹੇ ਜ਼ਮੀਨੀ ਪੱਧਰ ਦੇ ਸਿੱਖ ਸਰੋਤਾਂ ਦੇ ਅਨੁਸਾਰ, ਪੁਲਿਸ ਅਤੇ ਸਕੂਲ ਨਤੀਜਿਆਂ ਦਾ ਐਲਾਨ ਕਰਨ ਲਈ ਤਿਆਰ ਹਨ, ਹਾਲਾਂਕਿ ਕਾਰਵਾਈ ਵਿੱਚ ਦੇਰੀ ਨੇ ਕਈ ਸਵਾਲ ਖੜ੍ਹੇ ਕੀਤੇ ਹਨ ਕਿ ਇਹ ਅਧਿਕਾਰੀ ਇਸ ਘਟਨਾ ਨੂੰ ਕਿੰਨੇ ਗੰਭੀਰ ਰੂਪ ਵਿੱਚ ਲੈ ਰਹੇ ਹਨ। ਗੈਰ-ਸਿੱਖ ਸਥਾਨਕ ਭਾਈਚਾਰਿਆਂ ਦੇ ਸਮੂਹਾਂ ਦੇ ਨਾਲ ਹੁਣ ਵਿਆਪਕ ਸਿੱਖ ਭਾਈਚਾਰੇ ਦੇ ਸਮੂਹ ਸ਼ਾਮਲ ਹੋ ਗਏ ਹਨ। ਸਥਾਨਕ ਸ੍ਰੀ ਦਸਮੇਸ਼ ਦਰਬਾਰ ਗੁਰਦੁਆਰੇ (ਜਿਪਸੀ ਲੇਨ, ਲੈਸਟਰ) ਵਿਖੇ ਮੰਗਲਵਾਰ ਸ਼ਾਮ ਨੂੰ ਇਸ ਘਟਨਾ ਦੇ ਸਬੰਧ ਵਿੱਚ ਇੱਕ ਰਾਸ਼ਟਰੀ ਮੀਟਿੰਗ ਕੀਤੀ ਗਈ, ਜਿਸ ਵਿੱਚ ਯੂਕੇ ਭਰ ਤੋਂ ਸਿੱਖ ਭਾਈਚਾਰੇ ਦੀਆਂ ਹਸਤੀਆਂ ਦੇ ਨਾਲ-ਨਾਲ ਦੋ ਗੈਰ-ਸਿੱਖ ਸਥਾਨਕ ਕੌਂਸਲਰਾਂ ਨੇ ਸ਼ਿਰਕਤ ਕੀਤੀ। ਸਿੱਖ-ਵਿਰੋਧੀ ਧੱਕੇਸ਼ਾਹੀ ਇੱਕ ਆਮ ਅਤੇ ਲੰਬੇ ਸਮੇਂ ਤੋਂ ਚੱਲ ਰਿਹਾ ਮੁੱਦਾ ਹੈ ਜਿਸ ਦਾ ਯੂਕੇ ਵਿੱਚ ਭਾਈਚਾਰੇ ਨੂੰ ਸਾਹਮਣਾ ਕਰਨਾ ਪੈ ਰਿਹਾ ਹੈ। ਘਟਨਾਵਾਂ ਦੇ ਵਾਇਰਲ ਹੋਏ ਵੀਡੀਓ ਨੇ ਇਸ ਮੁੱਦੇ ਨੂੰ ਹੱਲ ਕਰਨ ਲਈ ਵੱਡੇ ਪੱਧਰ 'ਤੇ ਕੋਸ਼ਿਸ਼ਾਂ ਸ਼ੁਰੂ ਕਰ ਦਿੱਤੀਆਂ ਹਨ। ਵਰਤਮਾਨ ਵਿੱਚ, ਮਾਰਸ਼ਲ-ਆਰਟ ਕਲੱਬ ਪੂਰੇ ਯੂਕੇ ਵਿੱਚ ਸਿੱਖ ਸਥਾਨਾਂ ਵਿੱਚ ਚਲਾਏ ਜਾਂਦੇ ਹਨ, ਸਿੱਖ ਬੱਚਿਆਂ ਨੂੰ ਆਤਮਵਿਸ਼ਵਾਸ ਅਤੇ ਹੁਨਰ ਪ੍ਰਦਾਨ ਕਰਦੇ ਹਨ। ਸਿੱਖ ਯੂਕੇ ਦੀ ਆਬਾਦੀ ਦੇ 1% ਤੋਂ ਘੱਟ ਹਨ (ਅਤੇ ਉਸ ਅੰਕੜੇ ਦੇ ਨੇੜੇ ਜਾਂ ਧਰਤੀ ਦੇ ਹਰ ਦੇਸ਼ ਵਿੱਚ ਇਸ ਤੋਂ ਘੱਟ) ਅਤੇ ਸਾਰੇ ਅਭਿਆਸ ਕਰਨ ਵਾਲੇ ਸਿੱਖ (ਬੱਚਿਆਂ ਸਮੇਤ) ਇੱਕ ਸਰੀਰਕ ਪਛਾਣ ਪਹਿਨਦੇ ਹਨ ਜੋ ਵੱਖਰਾ ਹੈ। ਮੀਟਿੰਗ ਵਿੱਚ, ਕੌਰਾਂ (ਵਿਦਿਆਰਥੀ ਜਿਸਨੇ ਨਫ਼ਰਤੀ ਅਪਰਾਧ ਦਾ ਸਾਹਮਣਾ ਕੀਤਾ ਅਤੇ ਉਸਦੀ ਦੋਸਤ) ਨੂੰ ਹਿੰਸਕ ਹਮਲੇ ਤੋਂ ਆਪਣੇ ਆਪ ਨੂੰ ਬਚਾਉਣ ਦੇ ਯਤਨਾਂ ਲਈ ਪ੍ਰਸ਼ੰਸਾ ਦਿੱਤੀ ਗਈ, ਸਿੱਖ ਭਾਈਚਾਰਿਆਂ ਵਿੱਚ ਸਿਖਾਏ ਗਏ ਸਵੈ-ਰੱਖਿਆ ਲਈ ਸਮਰਥਨ ਨੂੰ ਰੇਖਾਂਕਿਤ ਕੀਤਾ ਗਿਆ।

ਅਵਾਰਡ ਜੇਤੂ ਕਮਿਊਨਿਟੀ ਗਰੁੱਪ ਸਿੱਖ ਯੂਥ ਯੂਕੇ ਦੇ ਸੀਨੀਅਰ ਸੇਵਾਦਾਰ ਦੀਪਾ ਸਿੰਘ ਨੇ ਇਸ ਘਟਨਾ ਬਾਰੇ ਕਿਹਾ ਕਿ "ਸਿੱਖ-ਵਿਰੋਧੀ ਸਕੂਲ ਦੇ ਮੈਦਾਨ ਵਿੱਚ ਧੱਕੇਸ਼ਾਹੀ ਲੰਬੇ ਸਮੇਂ ਤੋਂ ਯੂਕੇ ਵਿੱਚ ਇੱਕ ਮੁੱਦਾ ਹੈ, ਖਾਸ ਕਰਕੇ ਮਿਡਲੈਂਡਜ਼ ਅਤੇ ਯੌਰਕਸ਼ਾਇਰ ਖੇਤਰਾਂ ਵਿੱਚ। ਪਰ ਇਹ ਘਟਨਾ ਸਿੱਖ ਪ੍ਰਤੀ ਹਿੰਸਾ ਦੀਆਂ ਸਭ ਤੋਂ ਭੈੜੀਆਂ ਘਟਨਾਵਾਂ ਵਿੱਚੋਂ ਇੱਕ ਹੋ ਸਕਦੀ ਹੈ ਜੋ ਅਸੀਂ ਵੇਖੀ ਹੈ। ਇਹ ਨਾ ਸਿਰਫ਼ ਸਾਥੀਆਂ ਦੀ ਮਦਦ ਨਾਲ ਮਰਦ-ਔਰਤ 'ਤੇ ਹਮਲਾ ਸੀ, ਸਗੋਂ ਕੌਰ ਦੀ ਦਸਤਾਰ ਨੂੰ ਪਾੜ ਕੇ ਉਸ ਨੂੰ ਜ਼ਲੀਲ ਕਰਨ ਦਾ ਵੀ ਸਪਸ਼ਟ ਇਰਾਦਾ ਸੀ।

"ਜਿਵੇਂ ਕਿ ਅਸੀਂ ਸ਼ਾਮਲ ਕੌਰ ਦਾ ਸਮਰਥਨ ਕਰਨ ਲਈ ਕੰਮ ਕਰਦੇ ਹਾਂ, ਲੈਸਟਰ ਦੇ ਅਧਿਕਾਰੀਆਂ ਨੂੰ ਇਹ ਸਮਝਣ ਦੀ ਜ਼ਰੂਰਤ ਹੁੰਦੀ ਹੈ ਕਿ ਉਹ ਇਸ ਨੂੰ ਸੰਭਾਲਣ ਵਿੱਚ ਆਪਣੀ ਤਤਕਾਲਤਾ ਦੀ ਘਾਟ ਨਾਲ ਸਥਿਤੀ ਨੂੰ ਭੜਕਾ ਰਹੇ ਹਨ। ਦੁਨੀਆ ਭਰ ਦੇ ਸਿੱਖ ਸਮੂਹ ਕਾਰਵਾਈ ਦੀ ਉਡੀਕ ਕਰ ਰਹੇ ਹਨ, ਅਤੇ ਜੇਕਰ ਜਲਦੀ ਹੀ ਕੋਈ ਕਾਰਵਾਈ ਨਾ ਹੋਈ ਤਾਂ ਜਲਦੀ ਹੀ ਕਾਲਜ ਅਤੇ ਸੰਭਵ ਤੌਰ 'ਤੇ ਸਥਾਨਕ ਪੁਲਿਸ ਨਾਲ ਵੀ ਪ੍ਰਦਰਸ਼ਨ ਕੀਤਾ ਜਾਵੇਗਾ। "ਜਦੋਂ ਨਫ਼ਰਤੀ ਅਪਰਾਧਾਂ ਅਤੇ ਨਿਸ਼ਾਨਾ ਬਣਾਏ ਗਏ ਸ਼ਿੰਗਾਰ ਤੋਂ ਸੁਰੱਖਿਆ ਦੀ ਗੱਲ ਆਉਂਦੀ ਹੈ ਤਾਂ ਯੂਕੇ ਦੀਆਂ ਸਰਕਾਰੀ ਸੇਵਾਵਾਂ ਦੁਆਰਾ ਸਿੱਖਾਂ ਨੂੰ ਲਗਾਤਾਰ ਨਿਰਾਸ਼ ਕੀਤਾ ਜਾਂਦਾ ਹੈ। ਇਸ ਲਈ ਅਸੀਂ ਇਸ ਸਥਿਤੀ ਵਿੱਚ ਜ਼ਮੀਨੀ ਪੱਧਰ 'ਤੇ ਸਮਰਥਨ ਅਤੇ ਦਬਾਅ ਨੂੰ ਯਕੀਨੀ ਬਣਾਉਣ ਲਈ ਕੰਮ ਕਰਾਂਗੇ।



## ਜਗਰਾਉਂ ਵਿਖੇ ਸਤਿਗੁਰ ਰਵਿਦਾਸ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਤਿੰਨ ਰੋਜ਼ਾ ਗੁਰਮਤਿ ਸਮਾਗਮ ਕਰਵਾਇਆ

# ਵੱਡੀ ਗਿਣਤੀ ਵਿੱਚ ਗੁਰਸੰਗਤਾਂ ਨੇ ਭਰੀ ਹਾਜ਼ਰੀ ਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਆਪਣਾ ਸਿਜਦਾ ਭੇਟ ਕੀਤਾ







ਜਗਰਾਉਂ, (ਵਰਿਆਮ ਹਠੂਰ)- ਤਹਿਸੀਲ ਜਗਰਾਉਂ ਦੀ ਅਨਾਜ ਮੰਡੀ ਵਿੱਚ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਜੀ ਦੇ 647ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ, ਮਹਾਂਰਿਸ਼ੀ ਬਾਲਮੀਕ ਜੀ, ਬਾਬਾ ਸੰਗਤ ਸਿੰਘ ਜੀ ਅਤੇ ਚਮਕੌਰ ਦੀ ਗੜ੍ਹੀ ਦੇ ਆਖ਼ਰੀ ਸ਼ਹੀਦ ਸ਼੍ਰੋਮਣੀ ਸ਼ਹੀਦ ਬਾਬਾ ਜੀਵਨ ਸਿੰਘ ਜੀ ਦੀ ਯਾਦ ਵਿੱਚ ਸਮਾਜ ਮਿਲਵਰਤਨ ਸੁਸਾਇਟੀ ਵੱਲੋਂ ਤਿੰਨ ਰੋਜ਼ਾ ਵਿਸ਼ਾਲ

ਆਵਾਜ਼ਿ ਕੌਮ AWAZE QAUM International Newspaper & WEB TV

ਗੁਰਮਤਿ ਸਮਾਗਮ ਕਰਵਾਇਆ ਗਿਆ, ਸਮਾਗਮ ਵਿੱਚ ਵੱਡੀ ਗਿਣਤੀ ਵਿੱਚ ਗੁਰਸੰਗਤਾਂ ਨੇ ਆਪਣੀ ਹਾਜ਼ਰੀ ਭਰੀ ਤੇ ਜੁੱਗੋ ਯੁੱਗ ਅਟੱਲ ਚਵਰ ਛਤਰ ਤਖ਼ਤ ਦੇ ਮਾਲਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਆਪਣਾ ਸਿਜਦਾ ਭੇਟ ਕੀਤਾ, ਸਵੇਰੇ ਸਤਿਗੁਰਾਂ ਦੀ ਇਲਾਹੀ ਬਾਣੀ ਦੇ ਜਾਪ ਹੋਏ ਤੇ ਪ੍ਰਕਾਸ਼ ਕੀਤੇ ਹੋਏ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ, ਭੋਗ ਉਪਰੰਤ ਪ੍ਰਸਿੱਧ ਰਾਗੀ ਭਾਈ ਗੁਰਵਿੰਦਰ ਸਿੰਘ ਰਸੂਲਪੁਰੀ ਅਤੇ ਬਰਗਾੜੀ ਵਾਲਿਆਂ ਦੇ ਢਾਡੀ ਜੱਥੇ ਨੇ ਹਾਜ਼ਰੀ ਭਰੀ ਕੀਰਤਨ ਰਾਹੀਂ ਅਤੇ ਢਾਡੀ ਕਲਾ ਰਾਹੀਂ ਆਪਣੀ ਹਾਜ਼ਰੀ ਭਰੀ, ਸੱਚਖੰਡ ਸ੍ਰੀ ਦਰਬਾਰ ਸਾਹਿਬ (ਅੰਮ੍ਰਿਤਸਰ) ਸਾਹਿਬ ਦੇ ਹਜ਼ੂਰੀ ਰਾਗੀ ਭਾਈ ਗਗਨਦੀਪ ਸਿੰਘ ਨੇ ਰਸ ਭਿੰਨੇ ਕੀਰਤਨ ਰਾਹੀਂ ਗੁਰਸੰਗਤਾਂ ਦਾ ਦਿਲ ਮੋਹ ਲਿਆ, ਅਤੇ ਕੀਰਤਨ ਰਾਹੀਂ ਸੰਗਤਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ





ਜੀ ਦੀ ਪਵਿੱਤਰ ਇਲਾਹੀ ਬਾਣੀ ਨਾਲ ਜੋੜਿਆ, ਮਹਾਂਪੁਰਸ਼ ਭਾਈ ਕੇਵਲ ਸਿੰਘ ਮੁੱਖ ਸੇਵਾਦਾਰ ਤਪ ਅਸਥਾਨ ਸ੍ਰੀ ਖੁਰਾਲਗੜ੍ਹ ਸਾਹਿਬ ਵਾਲਿਆਂ ਨੇ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ ਜੀਵਨ ਬਾਰੇ ਕਥਾ ਕੀਰਤਨ ਕਰਦਿਆਂ ਕਿਹਾ ਕਿ ਗੁਰੂ ਰਵਿਦਾਸ ਮਹਾਰਾਜ ਇਨਕਲਾਬੀ ਵਿਚਾਰਧਾਰਾ ਨੂੰ ਪਰਣਾਏ ਹੋਏ ਸਨ, ਜਿਨ੍ਹਾਂ ਨੇ ਸਮੇਂ ਦੇ ਹੰਕਾਰੀ ਹਾਕਮਾਂ ਦਾ ਗਰੂਰ ਆਪਣੇ ਇਨਕਲਾਬੀ ਵਿਚਾਰਾਂ ਨਾਲ ਤੋੜਿਆ ਤੇ ਲੋਕਾਈ ਨੂੰ ਗਿਆਨ ਦੇ ਕੇ ਸੱਚ ਦਾ ਮਾਰਗ ਦਿਖਾਇਆ, ਸਮਾਜ ਮਿਲਵਰਤਨ ਸੁਸਾਇਟੀ ਦੇ ਆਗੂਆਂ ਨੇ ਸਮਾਗਮ ਵਿੱਚ ਇਕੱਤਰ ਗੁਰਸੰਗਤਾਂ ਦਾ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕੀਤਾ, ਇਸ ਤੋਂ ਇਲਾਵਾ ਸਮਾਜ ਮਿਲਵਰਤਨ ਸੁਸਾਇਟੀ ਦੇ ਆਗੂਆਂ ਮਹਿੰਗਾ ਸਿੰਘ ਮੀਰਪੁਰ ਹਾਂਸ, ਏ.ਐੱਸ.ਆਈ. ਜਸਵੀਰ ਸਿੰਘ, ਪ੍ਰੇਮ ਸਿੰਘ ਲੋਹਟ, ਮਾ.ਸਰਬਜੀਤ ਸਿੰਘ ਮੱਲ੍ਹਾ, ਰਛਪਾਲ ਸਿੰਘ ਚੀਮਨਾ, ਦੀਪ ਛੱਜਾਵਾਲ, ਹੈਪੀ ਲੋਹਟ ਅਤੇ ਪ੍ਰਿੰ.ਸਰਬਜੀਤ ਸਿੰਘ ਦੇਹੜਕਾ ਆਦਿ ਵੱਲੋਂ ਰਾਗੀ ਤੇ ਢਾਡੀ ਜੱਥਿਆਂ, ਮਹਾਂਪੁਰਸ਼ਾਂ ਅਤੇ ਰਾਜਸੀ ਤੇ ਸਮਾਜਿਕ ਸਖਸ਼ੀਅਤਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ, ਇਸ ਮੌਕੇ ਬਾਬਾ ਲਖਵੀਰ ਸਿੰਘ ਤਰਨਾ ਦਲ, ਬਾਬਾ ਨਰੇਸ਼ ਸਿੰਘ ਖੁਰਾਲਗੜ੍ਹ, ਬਾਬਾ ਆਗਿਆਪਾਲ ਸਿੰਘ, ਪ੍ਰਧਾਨ ਅਮਰਜੀਤ ਸਿੰਘ ਮਾਲਵਾ, ਸਾਬਕਾ ਵਿਧਾਇਕ ਐੱਸ.ਆਰ.ਕਲੇਰ, ਚੇਅਰਮੈਨ ਸਤਿੰਦਰਪਾਲ ਸਿੰਘ ਕਾਕਾ ਗਰੇਵਾਲ, ਚੇਅਰਮੈਨ ਦੀਦਾਰ ਸਿੰਘ ਮਲਕ, 'ਆਪ' ਆਗੂ ਗੋਪੀ ਸ਼ਰਮਾ, ਡਾ.ਨਰਿੰਦਰ ਸਿੰਘ, ਪ੍ਰੀਤਮ ਸਿੰਘ ਅਖਾੜਾ, ਮਨੀ ਗਰਗ, ਚੇਅਰਮੈਨ ਚੰਦ ਸਿੰਘ ਡੱਲਾ, ਰਛਪਾਲ ਸਿੰਘ ਗਾਲਿਬ, ਕੌਸ਼ਲਰ ਜਤਿੰਦਰਪਾਲ ਰਾਣਾ, ਬਿੱਕਰ ਸਿੰਘ ਨੱਤ, ਪ੍ਰੇਮ ਸਿੰਘ ਲੀਲ, ਮਲਕੀਤ ਸਿੰਘ ਹੇਰਾਂ, ਸੰਤਰਾਮ ਸਿੰਘ, ਲਖਵਿੰਦਰ ਸਿੰਘ ਘਮਣੇਵਾਲ, ਗੋਲੂ ਮਲਕ, ਕੁਲਦੀਪ ਸਿੰਘ ਮੀਰਪੁਰ, ਭੁਪਿੰਦਰ ਸਿੰਘ ਮੁਰਲੀ, ਕੈਪਟਨ ਗੁਲਜ਼ਾਰ ਸਿੰਘ, ਹਰਪ੍ਰੀਤ ਸਿੰਘ ਮੱਲ੍ਹਾ, ਦਰਸ਼ਨ ਸਿੰਘ ਪੋਨਾ, ਹੰਸ ਰਾਜ, ਹਰਪ੍ਰੀਤ ਮਲਕ, ਅਸ਼ੋਕ ਕੁਮਾਰ, ਮਹਿੰਦਰ ਸਿੰਘ, ਮੇਵਾ ਸਿੰਘ ਸਲੇਮਪੁਰਾ, ਜਤਿੰਦਰ ਸਿੰਘ ਮਲਕਪੁਰ, ਮਨਦੀਪ ਭੱਟੀ ਆਦਿ ਹਾਜ਼ਰ ਸਨ।

# ਵਿਦੇਸ਼ੀ ਸ਼ੇਵਾ ਦੌਰਾਨ ਜੋ ਕੁਝ ਤਜਰਬਾ ਤੇ ਸੰਪਰਕ ਗ੍ਰਹਿਣ ਕੀਤਾ, ਮੈਂ ਚਾਹੁੰਦਾ ਹਾਂ ਉਹ ਅੰਮ੍ਰਿਤਸਰ ਦੇ ਵਿਕਾਸ ਅਤੇ ਲੋਕਾਂ ਦੀ ਖ਼ੁਸ਼ਹਾਲੀ ਦੇ ਕੰਮ ਆਵੇ - ਰਾਜਦੂਤ ਤਰਨਜੀਤ ਸਿੰਘ ਸੰਧੂ

## ਖੇਤੀ ਆਮਦਨੀ 'ਚ ਵਾਧੇ ਲਈ ਕਿਸਾਨਾਂ ਨੂੰ ਫਲ਼, ਫੁੱਲ, ਗੁੜ ਅਤੇ ਸਬਜ਼ੀਆਂ ਤੋਂ ਇਲਾਵਾ ਫੁਲਕਾਰੀ ਅਤੇ ਪੰਜਾਬੀ ਜੁੱਤੀਆਂ ਲਈ ਅਰਬ ਤੇ ਯੂਰਪੀਅਨ ਦੇਸ਼ਾਂ ਦੀਆਂ ਮੰਡੀਆਂ ਤਕ ਪਹੁੰਚ ਬਣਾਉਣ ਪ੍ਰਤੀ ਜਾਗਰੂਕ ਕੀਤਾ



**ਅੰਮ੍ਰਿਤਸਰ, 9 ਮਾਰਚ (ਆਵਾਜ਼ਿ ਕੌਮ ਬਿਊਰੋ)**-ਲੋਕ ਸਭਾ ਚੋਣਾਂ ਪ੍ਰਤੀ ਅੰਮ੍ਰਿਤਸਰ ਲੋਕ ਸਭਾ ਸ਼ੀਟ ਲਈ ਭਾਜਪਾ ਦੇ ਸੰਭਾਵੀ ਉਮੀਦਵਾਰ ਅਤੇ ਅਮਰੀਕਾ ਵਿਚ ਭਾਰਤੀ ਰਾਜਦੂਤ ਰਹੇ ਸਰਦਾਰ ਤਰਨਜੀਤ ਸਿੰਘ ਸੰਧੂ ਨੇ ਅੱਜ ਅੰਮ੍ਰਿਤਸਰ ਦੇ ਨਜ਼ਦੀਕ ਇੱਕ ਪ੍ਰਮੁੱਖ ਪਿੰਡ ਮੰਡਿਆਲਾ ਵਿਖੇ ਕਿਸਾਨ ਵੀਰਾਂ ਨਾਲ ਮੁਲਾਕਾਤ ਕਰਦਿਆਂ ਉਨ੍ਹਾਂ ਦੀ ਆਮਦਨ ਵਿੱਚ ਵਾਧਾ ਕਰਨ ਨੂੰ ਲੈ ਕੇ ਉਹਨਾਂ ਦੀ ਖੇਤੀ ਉਤਪਾਦ, ਉੱਚ ਮੁੱਲ ਦੀ ਵਿਵਸਥਾ ਅਤੇ ਖੇਤੀਬਾੜੀ ਨਾਲ ਸਬੰਧਿਤ ਦੇਸੀ-ਵਿਦੇਸ਼ੀ ਕਨੈਕਟੀਵਿਟੀ ਸੰਬੰਧੀ ਮੁੱਦਿਆਂ 'ਤੇ ਖੁੱਲ ਕੇ ਚਰਚਾ ਕੀਤੀ । ਉਨ੍ਹਾਂ ਨੌਜਵਾਨੀ ਵੱਲੋਂ ਵਿਦੇਸ਼ਾਂ ਵਿਚ ਕਿਸੇ ਨਾ ਕਿਸੇ ਬਹਾਨੇ ਕਾਨੂੰਨੀ ਅਤੇ ਗੈਰ ਕਾਨੂੰਨੀ ਹਿਜਰਤ 'ਤੇ ਚਿੰਤਾ ਪ੍ਰਗਟ ਕਰਦਿਆਂ ਕਿਸਾਨਾਂ ਨੂੰ ਆਪਣੇ ਬੱਚਿਆਂ ਲਈ ਬਿਹਤਰੀਨ ਸਿੱਖਿਆ ਦੇ ਮੌਕੇ ਤਰਾਸ਼ਣ ਅਤੇ ਉਚਿਤ ਹੁਨਰ ਵਿਕਾਸ ਦੀ ਮਹੱਤਤਾ 'ਤੇ ਜ਼ੋਰ ਦੇਣ ਦੀ ਵਕਾਲਤ ਕੀਤੀ।ਪ੍ਰੋ.ਸਰਚਾਂਦ ਸਿੰਘ ਖਿਆਲਾ ਨੇ ਦੱਸਿਆ ਕਿ ਅੰਬੈਸਡਰ ਸੰਧੂ ਨੇ ਪ੍ਰਭਾਵਸ਼ਾਲੀ ਪੇਂਡੂ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਹ 36 ਸ਼ਾਲ ਦੀ ਭਾਰਤੀ ਵਿਦੇਸ਼ ਸ਼ੇਵਾ ਦੌਰਾਨ ਜੋ ਕੁਝ ਸਿੱਖਿਆ ਹੈ ਅਤੇ ਤਜਰਬਾ ਤੇ ਸੰਪਰਕ ਹਾਸਲ ਕੀਤਾ ਹੈ, ਮੈਂ ਚਾਹੁੰਦਾ ਹਾਂ ਉਹ ਅੰਮ੍ਰਿਤਸਰ ਦੇ ਵਿਕਾਸ ਅਤੇ ਲੋਕਾਂ ਦੀ ਖ਼ੁਸ਼ਹਾਲੀ ਦੇ ਕੰਮ ਆਵੇ। ਉਨ੍ਹਾਂ ਕਿਹਾ ਕਿ ਅਨੇਕਾਂ ਅਜਿਹੇ ਲੋਕ ਉਨ੍ਹਾਂ ਦੇ ਸੰਪਰਕ ਵਿਚ ਹਨ ਜੋ ਪੰਜਾਬ ਤੋਂ ਸਿੱਖਿਆ ਤੇ ਹੁਨਰ ਹਾਸਲ ਕਰਕੇ ਵਿਦੇਸ਼ਾਂ ਵਿਚ ਵੱਡੀਆਂ ਕੰਪਨੀਆਂ 'ਚ ਵੱਡੀਆਂ ਸੇਵਾਵਾਂ ਦੇ ਰਹੇ ਹਨ, ਉਹ ਅੰਮ੍ਰਿਤਸਰ 'ਚ ਰੁਜ਼ਗਾਰ ਦੇ ਮੌਕੇ ਪ੍ਰਦਾਨ ਕਰਨ ਲਈ ਪੂੰਜੀ ਨਿਵੇਸ਼ ਲਈ ਤਿਆਰ ਹਨ। ਉਨ੍ਹਾਂ ਖੇਤੀ ਆਮਦਨੀ 'ਚ ਵਾਧੇ ਨੂੰ ਯਕੀਨੀ ਬਣਾਉਣ ਲਈ ਕਿਸਾਨਾਂ ਨੂੰ ਆਪਣੀਆਂ ਫ਼ਸਲਾਂ, ਫਲ਼, ਫੁੱਲ, ਗੁੜ ਅਤੇ ਸਬਜ਼ੀਆਂ ਤੋਂ ਇਲਾਵਾ ਸਭਿਆਚਾਰਕ ਪਛਾਣ ਦੀਆਂ ਵਸਤਾਂ ਜਿਨ੍ਹਾਂ 'ਚ ਫੁਲਕਾਰੀ ਅਤੇ ਪੰਜਾਬੀ ਜੁੱਤੀਆਂ ਲਈ ਅਰਬ ਤੇ ਯੂਰਪੀਅਨ ਦੇਸ਼ਾਂ ਦੀਆਂ ਮੰਡੀਆਂ ਤਕ ਪਹੁੰਚ ਬਣਾਉਣ ਪ੍ਰਤੀ ਜਾਗਰੂਕ ਕੀਤਾ ਅਤੇ ਕਿਹਾ ਕਿ ਇਸ ਮਕਸਦ ਲਈ ਉਹਨਾਂ ਵੱਲੋਂ ਕੇਂਦਰ ਸਰਕਾਰ ਨਾਲ ਗੱਲਬਾਤ ਕਰਕੇ ਬਹੁਤ ਜਲਦੀ ਅੰਮ੍ਰਿਤਸਰ ਹਵਾਈ ਅੱਡੇ ਤੋਂ ਏਅਰ ਕਾਰਗੋ ਦੀਆਂ ਸਹੂਲਤਾਂ ਮੁੜ ਸ਼ੁਰੂ ਕਰਾਈਆਂ ਜਾਣਗੀਆਂ। ਅੰਬੈਸਡਰ ਸੰਧੂ ਨੇ ਕਿਹਾ ਕਿ ਸਹੀ ਲੀਡਰਸ਼ਿਪ ਦੇ ਕਾਰਨ ਅੱਜ ਦੱਖਣ ਦੇ ਸੂਬਿਆਂ 'ਚ ਵਧੇਰੇ ਪੂੰਜੀ ਨਿਵੇਸ਼ ਹੋਇਆ ਅਤੇ ਉਹ ਵਧੇ ਫੁੱਲੇ ਹਨ, ਇਹ ਪੂੰਜੀ ਨਿਵੇਸ਼ ਪੰਜਾਬ 'ਚ ਵੀ ਆਉਣਾ ਚਾਹੀਦਾ ਹੈ। ਦੱਖਣ ਦੇ ਸ਼ਹਿਰ ਵਿਕਸਿਤ ਹੋ ਰਹੇ ਹਨ ਪਰ ਅੰਮ੍ਰਿਤਸਰ ਬੁਨਿਆਦੀ ਸਹੂਲਤਾਂ ਪੱਖੋਂ ਪਛੜ ਰਿਹਾ ਹੈ।ਉਨ੍ਹਾਂ ਕਿਹਾ ਕਿ ਅੰਮ੍ਰਿਤਸਰ ਦੀ ਧਾਰਮਿਕ ਟੂਰਿਜ਼ਮ ਨੂੰ ਹੋਰ ਵਧੇਰੇ ਸੰਕਲਪ ਦੇਣ ਦੀ ਲੋੜ ਹੈ। ਇੱਥੋਂ ਦੀ ਵਪਾਰ, ਉਦਯੋਗ ਅਤੇ ਖੇਤੀ ਸੈਕਟਰ 'ਚ ਵਾਧੇ ਦੀਆਂ ਅਸੀਮ ਸੰਭਾਵਨਾ ਹਨ। ਇਸ ਮੌਕੇ ਪਿੰਡ ਮੰਡਿਆਲਾ ਦੇ ਵਾਸੀਆਂ ਦੇ ਤਰਫ਼ੋਂ ਬਲਾਕ ਸੰਮਤੀ ਮੈਂਬਰ ਨਿਸ਼ਾਨ ਸਿੰਘ ਅਤੇ ਸਰਪੰਚ ਇਕਬਾਲ ਪ੍ਰੀਤ ਸਿੰਘ ਨੇ ਸਰਦਾਰ ਤਰਨਜੀਤ ਸਿੰਘ ਸੰਧੂ ਨਾਲ ਇੱਕਜੁੱਟਤਾ ਦਾ ਪ੍ਰਗਟਾਵਾ ਕਰਦਿਆਂ ਉਨ੍ਹਾਂ ਨੂੰ ਸਨਮਾਨਿਤ ਕੀਤਾ। ਇਸ ਮੌਕੇ ਭਾਜਪਾ ਦੇ ਬੁਲਾਰੇ ਪ੍ਰੋ.ਸਰਚਾਂਦ ਸਿੰਘ ਖਿਆਲਾ, ਅਮਰਦੀਪ ਸਿੰਘ, ਪ੍ਰਭ ਨੂਰ ਸਿੰਘ, ਪੰਚ ਸੁਖਦੇਵ ਸਿੰਘ, ਸਰਬਜੀਤ ਸਿੰਘ, ਜਰਨੈਲ ਸਿੰਘ, ਮਨਪ੍ਰੀਤ ਸਿੰਘ, ਗੁਰਸਾਹਿਬ ਸਿੰਘ, ਹਰਪ੍ਰੀਤ ਸਿੰਘ, ਪ੍ਰਗਟ ਸਿੰਘ, ਅੰਮ੍ਰਿਤਪਾਲ ਸਿੰਘ, ਅਮਰਜੀਤ ਸਿੰਘ, ਗੁਨਦੀਪ ਸਿੰਘ, ਅਦਿੱਤਿਆ ਮਹਿਰਾ, ਗੁਰਕੀਰਤ ਸਿੰਘ ਢਿੱਲੋਂ ਅਤੇ ਅਰਜਨ ਵਧਵਾ ਵੀ ਮੌਜੂਦ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

### ਅਕਾਲ ਯੂਨੀਵਰਸਿਟੀ ਦੇ ਵੂਮਨ ਸੈੱਲ ਵੱਲੋਂ

## ਅੰਤਰਰਾਸ਼ਟਰੀ ਮਹਿਲਾ ਦਿਵਸ ਨੂੰ ਸਮਰਪਿਤ ਪ੍ਰੋਗਰਾਮਾਂ ਦੀ ਲੜੀ ਦਾ ਆਯੋਜਨ





**ਤਲਵੰਡੀ ਸਾਬੋ, 09 ਮਾਰਚ (ਗੁਰਜੰਟ ਸਿੰਘ ਨਥੇਹਾ)**- ਅਕਾਲ ਯੂਨੀਵਰਸਿਟੀ ਦੇ ਵੂਮਨ ਸੈੱਲ ਵੱਲੋਂ ਅੰਤਰਰਾਸ਼ਟਰੀ ਮਹਿਲਾ ਦਿਵਸ ਨੂੰ ਸਮਰਪਿਤ ਸੀਐਸਈ ਵਿਭਾਗ ਅਤੇ ਸਿੱਖਿਆ ਵਿਭਾਗ ਦੇ ਸਹਿਯੋਗ ਨਾਲ ਔਰਤਾਂ ਦੇ ਸਸ਼ਕਤੀਕਰਨ ਲਈ ਸਮਾਗਮਾਂ ਦੀ ਇੱਕ ਲੜੀ ਦਾ ਆਯੋਜਨ ਕੀਤਾ ਗਿਆ। ਇਸ ਵਿਚ ਮੁੱਖ ਤੌਰ 'ਤੇ ਸਲੋਗਨ ਲਿਖਣ ਦਾ ਮੁਕਾਬਲਾ, ਮੌਕੇ 'ਤੇ ਬੋਲਣ ਦਾ ਮੁਕਾਬਲਾ, ਅਤੇ ਵਾਲ ਮੈਗਜ਼ੀਨ ਦਾ ਪ੍ਰਕਾਸ਼ਨ ਸ਼ਾਮਲ ਸੀ। ਡਾ. ਜਸਵਿੰਦਰ ਕੌਰ ਅਤੇ ਡਾ. ਰਮਨਦੀਪ ਕੌਰ ਦੀ ਅਗਵਾਈ ਵਿਚ ਕਰਵਾਏ ਗਏ ਇਸ ਮੌਕੇ 'ਤੇ ਭਾਸ਼ਣ ਮੁਕਾਬਲੇ ਵਿਚ ਭਾਗ ਲੈਣ ਵਾਲੇ 11 ਵਿਦਿਆਰਥੀਆਂ ਦੇ ਸੁਭਾਵਿਕ ਬੋਲਣ ਦੀ ਸ਼ਕਤੀ, ਆਲੋਚਨਾਤਮਕ ਸੋਚ ਅਤੇ ਸਪਸ਼ਟ ਸ਼ਬਦਾਂ ਦਾ ਪ੍ਰਦਰਸ਼ਨ ਕੀਤਾ ਗਿਆ। ਜੇਤੂਆਂ ਵਿੱਚੋਂ ਗੁਨਮੀਤ ਮਨੋਵਿਗਿਆਨ ਵਿਭਾਗ ਵਿੱਚੋਂ ਪਹਿਲਾ, ਗੁਰਜੋਤ ਅਤੇ ਕਰਮਵੀਰ ਨੇ ਕ੍ਰਮਵਾਰ ਸਿੱਖਿਆ ਅਤੇ ਮਨੋਵਿਗਿਆਨ ਵਿਭਾਗ ਵਿੱਚੋਂ ਦੂਜਾ ਸਥਾਨ ਹਾਸਲ ਕੀਤਾ। ਐਸਜੀਜੀਐਸ ਵਿਭਾਗ ਦੇ ਦਵਿੰਦਰ ਸਿੰਘ ਨੇ ਤੀਜਾ ਸਥਾਨ ਹਾਸਲ ਕੀਤਾ। ਸਲੋਗਨ ਰਾਈਟਿੰਗ ਮੁਕਾਬਲੇ ਵਿਚ 28 ਵਿਦਿਆਰਥੀਆਂ ਨੇ ਸਮੀਕਰਨ ਅਤੇ ਸੰਚਾਰ ਦੀ ਰਚਨਾਤਮਕ ਕੁਸ਼ਲਤਾ ਨੂੰ ਪੇਸ਼ ਕੀਤਾ। ਡਾ. ਉਪਿੰਦਰ ਕੌਰ, ਡਾ. ਬੀਰੇਂਦਰ ਕੌਰ ਅਤੇ ਡਾ. ਕੋਮਲਪ੍ਰੀਤ ਕੌਰ ਦੀ ਅਗਵਾਈ ਵਿੱਚ, ਇਸ ਸਮਾਗਮ ਨੇ ਟੀਮ ਵਰਕ ਨੂੰ ਉਤਸ਼ਾਹਿਤ ਕੀਤਾ ਅਤੇ ਵਿਅਕਤੀਗਤ ਕਲਪਨਾਤਮਕ ਸਮਰੱਥਾਵਾਂ ਨੂੰ ਨਿਖਾਰਿਆ। ਜੇਤੂਆਂ ਨੇ ਸੰਖੇਪ ਪਰ ਡੂੰਘੇ ਸੰਦੇਸ਼ ਦਿੱਤੇ ਅਤੇ ਪ੍ਰਭਾਵਸ਼ਾਲੀ ਸੰਚਾਰ ਦੀ ਸ਼ਕਤੀ ਨੂੰ ਉਜਾਗਰ ਕੀਤਾ। ਅਮਨਜੋਤ ਕੌਰ ਅਤੇ ਈਸ਼ਾ ਬੀ.ਏ. ਬੀ.ਐੱਡ ਨੇ ਪਹਿਲਾ ਸਥਾਨ ਹਾਸਲ ਕੀਤਾ ਜਦਕਿ ਬੀਸੀਏ ਦੀ ਨਵਜੋਤ ਕੌਰ ਅਤੇ ਮੁਸਕਾਨ ਨੇ ਦੂਜਾ ਸਥਾਨ ਹਾਸਲ ਕੀਤਾ। ਬੀਸੀਏ ਵਿੱਚੋਂ ਖੁਸ਼ਪ੍ਰੀਤ ਕੌਰ ਅਤੇ ਅਮਰਜੋਤ ਕੌਰ ਨੇ ਤੀਜਾ ਸਥਾਨ ਹਾਸਲ ਕੀਤਾ। ਵਾਲ ਮੈਗਜ਼ੀਨ ਵਿੱਚ ਅਕਾਦਮਿਕਤਾ, ਖੇਡਾਂ, ਵਿਗਿਆਨ ਅਤੇ ਕਲਾਵਾਂ ਵਿੱਚ ਔਰਤਾਂ ਦੀਆਂ ਪ੍ਰਾਪਤੀਆਂ ਦਰਸਾਉਣ ਵਾਲੇ ਲੇਖ ਪੇਸ਼ ਕੀਤੇ ਗਏ ਹਨ। ਸਮਾਰੋਹ ਦੀ ਸ਼ੁਰੂਆਤ ਵਿਭਾਗ ਦੇ ਮੁਖੀ ਡਾ. ਬੀਰੇਂਦਰ ਕੌਰ ਦੇ ਪ੍ਰੇਰਨਾਦਾਇਕ ਉਦਘਾਟਨੀ ਭਾਸ਼ਣ ਨਾਲ ਹੋਈ, ਜਿਸ ਵਿਚ ਵੱਖ-ਵੱਖ ਖੇਤਰਾਂ ਵਿੱਚ ਔਰਤਾਂ ਦੀਆਂ ਪ੍ਰਾਪਤੀਆਂ ਨੂੰ ਮਾਨਤਾ ਦੇਣ ਸੰਬੰਧੀ ਚਰਚਾ ਵੀ ਕੀਤੀ ਗਈ। ਇਸ ਪ੍ਰੋਗਰਾਮ ਨੇ ਅਕਾਦਮਿਕ ਭਾਈਚਾਰੇ ਵਿੱਚ ਔਰਤਾਂ ਦੀ ਆਵਾਜ਼ ਅਤੇ ਯੋਗਦਾਨ ਨੂੰ ਵਧਾਉਣ ਲਈ ਬੀ.ਏ.ਬੀ.ਐੱਡ ਦੇ ਪਹਿਲੇ ਅਤੇ ਦੂਜੇ ਸਾਲ ਦੇ ਵਿਦਿਆਰਥੀਆਂ ਦੁਆਰਾ ਇੱਕ ਮਹੱਤਵਪੂਰਨ ਕੋਸ਼ਿਸ਼ ਨਜ਼ਰ ਆਈ। ਅੰਤ ਵਿਚ ਵੱਖ-ਵੱਖ ਗਤੀਵਿਧੀਆਂ ਦੇ ਜੇਤੂ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ।

ਆਵਾਜ਼ਿ ਕੌਮ AWAZE QAUM International Newspaper & WEB TV

## ਸ, ਹਰਜਿੰਦਰ ਸਿੰਘ ਜਲਾਲ ਉਸਮਾ ਵਿਦੇਸਾਂ ਦੀ ਯਾਤਰਾ ਕਰਕੇ ਵਾਪਿਸ ਆਪਣੇ ਪਿੰਡ ਜਲਾਲ ਉਸਮਾ ਪਹੁੰਚੇ



**ਚੌਕ ਮਹਿਤਾ, 9 ਮਾਰਚ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਆਮ ਆਦਮੀ ਪਾਰਟੀ ਹਲਕਾ ਜੰਡਿਆਲਾ ਗੁਰੂ ਤੋਂ ਸੀਨੀਅਰ ਲੀਡਰ ਸ, ਹਰਜਿੰਦਰ ਸਿੰਘ ਜਲਾਲ ਉਸਮਾ ਕੁਝ ਸਮਾ ਪਹਿਲਾਂ ਆਪਣੇ ਕਾਰੋਬਾਰ ਦੇ ਸੰਬੰਧੀ ਵਿਦੇਸ ਗਏ ਸਨ। ਅੱਜ ਰੰਧਾਵਾ ਜਲਾਲ ਉਸਮਾ ਜੀ ਆਪਣੇ ਪਿੰਡ ਜਲਾਲ ਉਸਮਾ ਅੰਮ੍ਰਿਸਰ ਸਾਹਿਬ ਪਹੁੰਚੇ ਤਾਂ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂਆਂ ਨੇ ਬਹੁਤ ਖੁਸੀਆਂ ਮਨਾਈਆ। ਜਲਾਲ ਉਸਮਾ ਨੂੰ ਫੁੱਲਾਂ ਦੇ ਹਾਰ ਪਾਕੇ ਸਨਮਾਨਿਤ ਕੀਤਾ ਗਿਆ। ਇਸ ਦੌਰਾਨ ਸ, ਰੰਧਾਵਾ ਨੇ ਕਿਹਾ ਕਿ ਮੈ ਆਉਣ ਵਾਲੀਆਂ ਲੈਕਸਨਾ ਵਿੱਚ ਦਿਨ ਰਾਤ ਇਕ ਕਰਕੇ ਪਾਰਟੀ ਦੀ ਤਨ ਮਨ ਧੰਨ ਨਾਲ ਸੇਵਾ ਕਰਾਂਗਾ ਅਤੇ ਪਾਰਟੀ ਨੂੰ ਉੱਚਾ ਚੁਕਿਆ ਜਾਵੇਗਾ। ਇਸ ਦੌਰਾਨ ਰਈਆ ਬਲਾਕ ਤੋਂ ਮੀਡੀਆਂ ਇੰਚਾਰਜ ਬੂਟਾ ਸਿੰਘ, ਹਲਕਾ ਜੰਡਿਆਲਾ ਗੁਰੂ ਤੋਂ ਸੀਨੀਅਰ ਲੀਡਰ ਲਖਵਿੰਦਰ ਸਿੰਘ ਜਲਾਲ ਉਸਮਾ, ਡਾ, ਅਵਤਾਰ ਸਿੰਘ, ਦਿਲਬਾਗ ਸਿੰਘ ਪਰਜਾ ਪੱਤ, ਰਣਜੀਤ ਸਿੰਘ ਰਾਜਾ, ਇਕਬਾਲ ਸਿੰਘ ਟੋਨੀ, ਲਵਪਰੀਤ ਸਿੰਘ, ਸੁਖਵਿੰਦਰ ਸਿੰਘ, ਸਰਬਜੀਤ ਸਿੰਘ, ਕੁਲਦੀਪ ਸਿੰਘ ਫੋਜੀ, ਬਖਸ਼ੀਸ਼ ਸਿੰਘ ਮੌੜ ਸੁਖਦੇਵ ਸਿੰਘ, ਜੋਗਾ ਸਿੰਘ, ਡਰਾਈਵਰ, ਠੇਕੇਦਾਰ ਨਿਰਮਲ ਸਿੰਘ ਜਲਾਲ ਉਸਮਾ, ਆਦਿ ਆਮ ਆਦਮੀ ਪਾਰਟੀ ਦੇ ਸੀਨੀਅਰ ਲੀਡਰ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

## ਕਿਰਪਾਲ ਸਿੰਘ ਰਾਮ ਦੀਵਾਲੀ ਸਰਬ ਸੰਮਤੀ ਨਾਲ ਪ੍ਰਧਾਨ ਚੁਣਿਆ ਗਿਆ



**ਚੌਕ ਮਹਿਤਾ, 9 ਮਾਰਚ ( ਬਾਬਾ ਸੁਖਵੰਤ ਸਿੰਘ ਚੰਨਣਕੇ)**-ਅੱਜ 9,3,2024 ਨੂੰ ਕੰਬੋਜ ਸਭਾ ਜਿਲਾ ਅੰਮਿਤਸਰ ਸਾਹਿਬ ਜੀ ਦੀ ਮੀਟੰਗ ਹੋਈ। ਜਿਸ ਵਿੱਚ ਪੰਜਾਬ ਦੇ ਸਾਰੇ ਜਿਲਿਆਂ ਵਿੱਚੋਂ ਨੁਮਾਇੰਦੇ ਹਾਜ਼ਰ ਹੋਇ। ਇਸ ਮੀਟਿੰਗ ਵਿੱਚ ਅੰਮ੍ਰਿਤਸਰ ਜੰਡਿਆਲਾ ਗੁਰੂ ਵਿੱਚ ਕਿਸਨ ਸਿੰਘ ਮੈਮੋਰੀਅਲ ਹਾਲ ਵਿੱਚ ਹੋਈ। ਜਿਸ ਵਿੱਚ ਸਰਬ ਸੰਮਤੀ ਨਾਲ ਸ, ਕਿਰਪਾਲ ਸਿੰਘ ਰਾਮ ਦੀਵਾਲੀ ਨੂੰ ਕੰਬੋਜ ਬਰਾਦਰੀ ਦਾ ਪ੍ਰਧਾਨ ਚੁਣਿਆ ਗਿਆ। ਇਸ ਦੌਰਾਨ ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਪਵਿੱਤਰ ਪਾਵਨ ਚਰਨ ਛੋਹ ਅਸਥਾਨ ਗੁਰੁਦੁਆਰਾ ਗੁਰੂ ਕੀ ਬੇਰ ਸਾਹਿਬ ਬੋਪਾਰਾਏ ਪਹੁੰਚਣ ਤੇ ਸੰਤ ਬਾਬਾ ਸੱਜਣ ਸਿੰਘ ਜੀ ਅਤੇ ਸਮੂਹ ਸੰਗਤਾਂ ਨੇ ਸਿਰਪਾਉ ਦੁਸ਼ਾਲਾ ਦੇ ਕਿ ਸਨਮਾਨਿਤ ਕੀਤਾ ਗਿਆ। ਇਸ ਦੌਰਾਨ ਕੰਬੋਜ ਸਭਾ ਜਿਲਾ ਪ੍ਰਧਾਨ ਸ, ਕਿਰਪਾਲ ਸਿੰਘ ਰਾਮ ਦੀਵਾਲੀ, ਸੈਕਟਰੀ ਮੰਗਲ ਸਿੰਘ ਜੰਡਿਆਲਾ ਗੁਰੂ, ਸੋਹਨ ਸਿੰਘ ਮਤੇਵਾਲ, ਹਰਜੀਤ ਸਿੰਘ ਤਨੇਨ, ਡਾ, ਥਿੰਦ ਭੋਏਵਾਲ, ਸੁਖਦੇਵ ਸਿੰਘ ਖਿਦੋਵਾਲੀ, ਕੇਵਲ ਸਿੰਘ ਖਿਦੋਵਾਲੀ, ਜਗਜੀਤ ਸਿੰਘ, ਜੋਗਿੰਦਰ ਸਿੰਘ ਰਾਮ ਦੀਵਾਲੀ, ਕੁਲਬੀਰ ਸਿੰਘ ਸੈਕਟਰੀ, ਸੁਖਜਿੰਦਰ ਸਿੰਘ ਅਵਤਾਰ ਸਿੰਘ, ਅਮਰਜੀਤ ਸਿੰਘ ਖੁਜਾਨ ਸਿੰਘ ਮਤੇਵਾਲ, ਬਲਵੀਰ ਸਿੰਘ ਜਸਵਿੰਦਰ ਸਿੰਘ, ਸੀਤਲ ਸਿੰਘ ਸਰਪੰਚ ਰਸੂਲਪੁਰ, ਸੁਖਵਿੰਦਰ ਸਿੰਘ ਸਰਪੰਚ ਸੰਗਰਾਵਾ ਆਦਿ ਆਗੂ ਹਾਜ਼ਰ ਸਨ।

## ਮਨਜੀਤ ਸਿੰਘ ਅਰੋੜਾ ਅੰਮ੍ਰਿਸਰ ਵਾਲੇ ਨਹੀਂ ਰਹੇ, ਹੋਇਆ ਸੰਸਕਾਰ





ਚੌਕ ਮਹਿਤਾ 9 ਮਾਰਚ ( ਬਾਬਾ ਸੁਖਵੰਤ ਸਿੰਘ ਚੰਨਣਕੇ) ਸਮਾਜ ਸੇਵੀ ਸ੍ਰੋਮਣੀ ਅਕਾਲੀ ਬਾਦਲ ਦੇ ਸੀਨੀਅਰ ਲੀਡਰ ਸ, ਮਨਜੀਤ ਸਿੰਘ ਅਰੋੜਾ ਕੋਟ ਮੰਗਲ ਸਿੰਘ, ਕਰਨ ਤਾਰਨ ਰੋਡ ਗੁਰੂ ਨਾਨਕ ਦੇਵ ਜੀ ਕਲੋਨੀ ਗਲੀ ਨੰਬਰ ਅੰਮ੍ਰਿਤਸਰ ਸਾਹਿਬ ਵਾਲਿਆਂ ਦਾ ਹੋਇਆ ਦੇਹਾਂਤ ਉਹ ਤਕਰੀਬਨ 75 ਸਾਲ ਦੇ ਸਨ। ਅੱਜ ਰਾਤ ਅਚਾਨਕ ਉਨ੍ਹਾਂ ਦੀ ਸਿਹਤ ਢਿੱਲੀ ਹੋਣ ਕਾਰਣ ਉਨ੍ਹਾਂ ਦਾ ਸੰਸਕਾਰ ਕੀਤਾ ਗਿਆ। ਇਸ ਦੌਰਾਨ ਰਾਜਨੀਤਕ, ਸਮਾਜ ਸੇਵੀ, ਧਾਰਮਿਕ, ਰਿਸ਼ਤੇਦਾਰ ਬਹੁਤ ਸਾਰੀ ਗਿਣਤੀ ਵਿੱਚ ਹਾਜ਼ਰ ਸਨ। ਉਨ੍ਹਾਂ ਦਾ ਭੋਗ 18 ਮਾਰਚ 2024 ਦਿਨ ਸੋਮਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਭੋਗ ਪੈਣਗੇ।

ਆਵਾਜ਼ਿ ਕੌਮ AWAZE QAUM International Newspaper & WEB TV

ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243

## ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂ. ਕੇ. ਦੇ

# ਜਥੇ ਵੱਲੋਂ ਪੰਜ ਤਖ਼ਤਾਂ ਦੀ ਯਾਤਰਾ ਜਾਰੀ

### ਸਿੰਘ ਸਾਹਿਬ ਜੀ ਨੇ ਹਜ਼ੂਰ ਸਾਹਿਬ ਵਿਖੇ ਕਥਾ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ













**ਨੰਦੇੜ, 9 ਮਾਰਚ (ਆਵਾਜ਼ਿ ਕੌਮ ਬਿਊਰੋ)**-ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਸਰਪ੍ਰਸਤ ਸਿੰਘ ਸਾਹਿਬ ਭਾਈ ਜਸਵੀਰ ਸਿੰਘ ਜੀ ਰੋਡੇ ਨੇ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀਆਂ ਮਹਾਨ ਬਖਸ਼ਿਸ਼ਾਂ ਨਾਲ ਨਿਵਾਜੇ ਸਿੱਖਾਂ ਦੇ ਮੁਕੱਦਸ ਅਸਥਾਨ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਅਬਿਚਲ ਨਗਰ ਨੰਦੇੜ ਵਿਖੇ ਦੋ ਦਿਨ ਗੁਰਬਾਣੀ ਕਥਾ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਸਿੰਘ ਸਾਹਿਬ ਜੀ ਨਨਕਾਣਾ ਸਾਹਿਬ ਯਾਤਰਾ ਕਮੇਟੀ ਜਥੇ ਨਾਲ ਦਰਸ਼ਨ ਕਰ ਰਹੀਆਂ ਦੇਸ-ਵਿਦੇਸ਼ ਦੀਆਂ ਸੰਗਤਾਂ ਸਮੇਤ ਦਰਸ਼ਨ ਕਰਨ ਲਈ ਸ੍ਰੀ ਹਜ਼ੂਰ ਸਾਹਿਬ ਵਿਖੇ ਪਹੁੰਚੇ। ਜਿੱਥੇ ਗੁਰਦੁਆਰਾ ਸ੍ਰੀ ਲੰਗਰ ਸਾਹਿਬ ਦੇ ਮੁੱਖ ਸੇਵਾਦਾਰ ਕਾਰ ਸੇਵਾ ਵਾਲੇ ਮਹਾਂਪੁਰਖਾਂ ਬਾਬਾ ਬਲਵਿੰਦਰ ਸਿੰਘ ਜੀ ਅਤੇ ਬਾਬਾ ਨਰਿੰਦਰ ਸਿੰਘ ਜੀ ਨੇ ਉਨ੍ਹਾਂ ਨੂੰ ਜੀ ਆਇਆਂ ਆਖਿਆ ਅਤੇ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਦੇ ਜਥੇਦਾਰ ਸਾਹਿਬਾਨ ਬਾਬਾ ਕੁਲਵੰਤ ਸਿੰਘ ਜੀ, ਬਾਬਾ ਰਾਮ ਸਿੰਘ ਜੀ, ਹਜ਼ੂਰੀ ਕਥਾਵਾਚਕ ਗਿਆਨੀ ਸੁਖਵਿੰਦਰ ਸਿੰਘ ਜੀ ਅਤੇ ਸਮੁੱਚੇ ਹਜ਼ੂਰੀ ਸੇਵਾਦਾਰਾਂ ਵੱਲੋਂ ਸਿੰਘ ਸਾਹਿਬ ਜੀ ਦਾ ਨਿੱਘਾ ਸਵਾਗਤ ਕਰਦਿਆਂ ਸਿਰੋਪਾਓ ਦੇ ਕੇ ਸਨਮਾਨ ਕੀਤਾ ਗਿਆ। ਹਜ਼ੂਰ ਸਾਹਿਬ ਦੇ ਨੇੜਲੇ ਸਮੁੱਚੇ ਗੁਰ ਅਸਥਾਨਾਂ ਅਤੇ ਗੁਰਦੁਆਰਾ ਨਾਨਕ ਝੀਰਾ ਸਾਹਿਬ ਬਿਦਰ ਵਿਖੇ ਪਹੁੰਚਣ ਤੇ ਸਿੰਘ ਸਾਹਿਬ ਜੀ ਅਤੇ ਜਥੇ ਦਾ ਪ੍ਰਬੰਧਕਾਂ ਵੱਲੋਂ ਸੁਆਗਤ ਅਤੇ ਸਨਮਾਨ ਕੀਤਾ ਗਿਆ। ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਦੇ ਮੁੱਖ ਅਸਥਾਨ ਤੇ ਗੁਰਬਾਣੀ ਦੀ ਕਥਾ ਕਰਦਿਆਂ ਦੇਸ਼ ਵਿਦੇਸ਼ ਤੋਂ ਦਰਸ਼ਨ ਕਰਨ ਪਹੁੰਚੀਆਂ ਬੇਅੰਤ ਸੰਗਤਾਂ ਨੂੰ ਸਿੰਘ ਸਾਹਿਬ ਜੀ ਨੇ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣਨ ਲਈ ਪ੍ਰੇਰਿਤ ਕੀਤਾ। ਖ਼ਾਲਸਾ ਪੰਥ ਦੇ ਪੂਜਨੀਕ ਜਗਤ ਮਾਤਾ ਸਾਹਿਬ ਕੌਰ ਜੀ ਦੇ ਅਸਥਾਨ ਦੇ ਮੁੱਖ ਸੇਵਾਦਾਰ ਨਿਹੰਗ ਸਿੰਘ ਮਹਾਂਪੁਰਖ ਬਾਬਾ ਤੇਜਾ ਸਿੰਘ ਜੀ ਵੱਲੋਂ ਵੀ ਜਥੇ ਦਾ ਮਾਣ-ਸਨਮਾਨ ਕੀਤਾ ਗਿਆ। ਸਿੰਘ ਸਾਹਿਬ ਜਥੇਦਾਰ ਗਿਆਨੀ ਜਸਵੀਰ ਸਿੰਘ ਜੀ ਰੋਡੇ ਵੱਲੋਂ ਸੰਤ ਬਾਬਾ ਬਲਵਿੰਦਰ ਸਿੰਘ ਜੀ ਅਤੇ ਸੰਤ ਬਾਬਾ ਨਰਿੰਦਰ ਸਿੰਘ ਜੀ ਲੰਗਰਾਂ ਵਾਲਿਆਂ ਸਮੇਤ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਬਾਬਾ ਕੁਲਵੰਤ ਸਿੰਘ ਜੀ, ਬਾਬਾ ਜੋਤਿੰਦਰ ਸਿੰਘ ਜੀ, ਬਾਬਾ ਰਾਮ ਸਿੰਘ ਜੀ, ਬਾਕੀ ਗ੍ਰੰਥੀ ਸਿੰਘ ਸਾਹਿਬਾਨ ਅਤੇ ਸੇਵਾਦਾਰਾਂ ਨੂੰ ਪੰਜ ਤਖਤਾਂ ਦੀ ਤਸਵੀਰ ਵਾਲਾ ਯਾਦਗਾਰੀ ਤੋਹਫ਼ਾ ਅਤੇ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਐਗਜ਼ੈਕਟਿਵ ਮੈਂਬਰ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਬੁਲਾਰੇ ਸੰਤ ਬਾਬਾ ਚਰਨਜੀਤ ਸਿੰਘ ਜੱਸੋਵਾਲ, ਕਥਾਵਾਚਕ ਗਿਆਨੀ ਰਾਜਪਾਲ ਸਿੰਘ ਬੋਪਾਰਾਏ, ਨਨਕਾਣਾ ਸਾਹਿਬ ਯਾਤਰਾ ਕਮੇਟੀ ਦੇ ਪ੍ਰਮੁੱਖ ਸੇਵਾਦਾਰ ਭਾਈ ਰਘਵੀਰ ਸਿੰਘ ਮਾਲੜੀ, ਭਾਈ ਰਾਜਪ੍ਰੀਤ ਸਿੰਘ ਪ੍ਰਧਾਨ ਇੰਟਰਨੈਸ਼ਨਲ ਪੰਥਕ ਦਲ ਹਜ਼ੂਰ ਸਾਹਿਬ, ਭਾਈ ਗੁਰਪ੍ਰੀਤ ਸਿੰਘ ਅਮਰੀਕਾ, ਬੀਬੀ ਨਿਰੰਜਨ ਕੌਰ ਯੂ.ਕੇ, ਬੀਬੀ ਭਜਨ ਕੌਰ ਬੈਂਸ, ਬੀਬੀ ਪਰਮਜੀਤ ਕੌਰ ਮਾਲੜੀ, ਬੀਬੀ ਇਕਬਾਲ ਕੌਰ ਕੈਨੇਡਾ, ਹਰਭਜਨ



ਕੌਰ ਢੰਡਾ, ਬੀਬੀ ਗੁਰਬਖਸ਼ ਕੌਰ ਸੰਘਾ, ਦਵਿੰਦਰ ਕੌਰ ਬੈਂਸ, ਬੀਬੀ ਬਲਜੀਤ ਕੌਰ ਕਵੈਂਟਰੀ, ਹਰਦੇਵ ਕੌਰ ਡਰਬੀ, ਬਲਜਿੰਦਰ ਕੌਰ ਰਾਹੋਂ, ਭਾਈ ਤੇਜਿੰਦਰ ਸਿੰਘ, ਅਮਰੀਕ ਸਿੰਘ ਯੂਕੇ, ਸੁਬੇਗ ਸਿੰਘ ਯੂਕੇ, ਭਾਈ ਗੁਰਪ੍ਰੀਤ ਸਿੰਘ ਅਮਰੀਕਾ, ਭਾਈ ਕੁਲਵਿੰਦਰ ਸਿੰਘ ਟਾਹਲੀ, ਭਾਈ ਬਲਜੀਤ ਸਿੰਘ ਕੰਗ ਯੂਕੇ, ਸਰਪੰਚ ਭਗਵੰਤ ਸਿੰਘ ਕੰਗ ਸਾਹਬੂ, ਜੋਗਾ ਸਿੰਘ ਥਾਂਦੀ, ਭਾਈ ਕੁਲਦੀਪ ਸਿੰਘ ਲੁਧਿਆਣਾ, ਡਰਾਈਵਰ ਕਰਨੈਲ ਸਿੰਘ ਕਾਲਾ, ਡਾਕਟਰ ਦਲਬੀਰ ਸਿੰਘ, ਕਪਿਲਦੇਵ ਸੋਨੂੰ ਆਦਿ ਸਮੇਤ ਯੂਕੇ, ਕੈਨੇਡਾ, ਰਾਜਸਥਾਨ ਅਤੇ ਪੰਜਾਬ ਦੀਆਂ ਸੰਗਤਾਂ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਗੁ : ਗੁਰੂ ਕੀ ਸਾਹਿਬ ਹੋਲੇ ਮੁਹੱਲੇ ਦੇ ਦੀਵਾਨ ਅੱਜ 10 ਮਾਰਚ ਤੋਂ ਸ਼ੁਰੂ

ਚੌਂਕ ਮਹਿਤਾ 9 ਮਾਰਚ ( ਬਾਬਾਂ ਸੁਖਵੰਤ ਸਿੰਘ ਚੰਨਣਕੇ) ਮੀਰੀ ਪੀਰੀ ਦੇ ਮਾਲਕ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਚਰਨ ਛੋਹ ਪਾਵਨ ਪਵਿੱਤਰ ਅਸਥਾਨ ਗੁਰਦੁਆਰਾ ਗੁਰੂ ਕੀ ਬੇਰ ਸਾਹਿਬ ਮੱਤੇਵਾਲ (ਬੋਪਾਰਾਏ) ਵਿਖੇ ਹੋਲੇ ਮੁਹੱਲੇ ਦਾ 55ਵਾਂ ਸਾਲਾਨਾ ਧਾਰਮਿਕ ਦੀਵਾਨ ਮੱਸਿਆ ਵਾਲੇ ਦਿਨ 10 ਮਾਰਚ ਐਤਵਾਰ ਤੋਂ 16 ਮਾਰਚ ਦਿਨ ਸ਼ਨੀਵਾਰ ਤੱਕ ਕਰਵਾਇਆ ਜਾ ਰਿਹਾ ਹੈ।ਜਿਸ ਵਿਚ ਹਰ ਰੋਜ਼ ਦੁਪਹਿਰ 1ਵਜੇ ਤੋਂ ਸ਼ਾਮ 5-30 ਵਜੇ ਤੱਕ ਦੀਵਾਨ ਸਜਾਏ ਜਾਣਗੇ, ਜਿਸ ਵਿਚ ਉੱਚ ਕੋਟੀ ਦੇ ਰਾਗੀ ਢਾਡੀ ਕਵੀਸ਼ਰ ਜਥੇ ਗੁਰ ਇਤਿਹਾਸ ਸੁਣਾ ਕੇ ਸੰਗਤਾਂ ਨੂੰ ਨਿਹਾਲ ਕਰਨਗੇ।ਇਸ ਸਬੰਧੀ ਪੱਤਰਕਾਰਾਂ ਨੂੰ ਜਾਣਕਾਰੀ ਦਿੰਦੇ ਹੋਏ ਸ੍ਰੀ ਮਾਨ ਸੰਤ ਬਾਬਾ ਸੱਜਣ ਸਿੰਘ ਗੁਰੂ ਕੀ ਬੇਰ ਸਾਹਿਬ ਵਾਲਿਆਂ ਨੇ ਦੱਸਿਆ ਕਿ 15 ਮਾਰਚ ਦਿਨ ਸ਼ੁੱਕਰਵਾਰ ਨੂੰ ਸੱਦੇ ਹੋਏ ਪਹਿਲਵਾਨਾਂ ਦੇ ਘੋਲ ਕਰਵਾਏ ਜਾਣਗੇ ਅਤੇ 16 ਮਾਰਚ ਦਿਨ ਸ਼ਨੀਵਾਰ ਸ਼ਾਮ ਨੂੰ 4 ਵਜੇ ਮਾਝੇ ਮਾਲਵੇ ਦੀਆਂ ਟੀਮਾਂ ਦੇ ਕਬੱਡੀ ਮੈਚ ਕਰਵਾਏ ਜਾਣਗੇ ਜਿਸ ਵਿਚ ਜੇਤੂ ਟੀਮਾਂ ਨੂੰ ਭਾਰੀ ਇਨਾਮ ਵੀ ਦਿੱਤੇ ਜਾਣਗੇ ਅਤੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ। ਕੈਪਸਨ: ਸੰਤ ਬਾਬਾ ਸੱਜਣ ਸਿੰਘ ਗੁਰੂ ਕੀ ਬੇਰ ਸਾਹਿਬ ਵਾਲੇ।



ਆਵਾਜ਼ਿ ਕੌਮ AWAZE QAUM International Newspaper & WEB TV

## ਪ੍ਰਾਈਵੇਟ ਸਕੂਲਾਂ ਖਿਲਾ.ਫ ਨੈਸ਼ਨਲ ਯੂਥ ਪਾਰਟੀ ਦਾ ਹੱਲਾ ਬੋਲ ਐਕਸ਼ਨ

# 8 ਫੀਸਦੀ ਤੈਅਸ਼ੁਦਾ ਫੀਸਾਂ ਤੋਂ ਵੱਧ ਵਸੂਲੀ ਕਰਨ ਵਾਲਿਆਂ ਸਕੂਲਾਂ ਖਿਲਾਫ ਮੋਰਚੇ ਦਾ ਐਲਾਨ



**ਚੌਂਕ ਮਹਿਤਾ, 8 ਮਾਰਚ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਪੰਜਾਬ 'ਚ ਗੈਰ ਸਰਕਾਰੀ ਸਹਾਇਤਾ ਪ੍ਰਾਪਤ ਸਕੂਲਾਂ ਵੱਲੋਂ 8 ਫੀਸਦੀ ਤੈਅਸ਼ੁਦਾ ਫੀਸਾਂ ਤੋਂ ਜ਼ਿਆਦਾ ਵਸੂਲੀ ਕਰਨ ਵਾਲਿਆਂ ਸਕੂਲਾਂ ਵਿਰੁੱਧ ਨੈਸ਼ਨਲ ਯੂਥ ਪਾਰਟੀ ਪੰਜਾਬ ਨੇ ਹੱਲਾ ਬੋਲ ਐਕਸ਼ਨ ਦਾ ਐਲਾਨ ਕਰ ਦਿੱਤਾ ਹੈ।ਪੰਜਾਬ ਦੇ ਸਮੂਹ ਮਾਪਿਆਂ ਅਤੇ ਬੱਚਿਆਂ ਦੇ ਹੱਕ 'ਚ ਖੜਦਿਆਂ ਪੰਜਾਬ ਸਰਕਾਰ ਦੁਆਰਾ ਬਣਾਏ ਕਾਨੂੰਨ ਦੀ ਹਿਮਾਇਤ 'ਚ ਹਾਂਅ ਦਾ ਨਾਅਰਾ ਮਾਰਦਿਆਂ ਨੈਸ਼ਨਲ ਯੂਥ ਪਾਰਟੀ ਪੰਜਾਬ ਦੇ ਪ੍ਰਧਾਨ ਸ੍ਰ: ਸਤਨਾਮ ਸਿੰਘ ਗਿੱਲ ਨੇ ਪੱਤਰਕਾਰ ਸੰਮੇਲਨ 'ਚ ਕਿਹਾ ਕਿ ਸਾਲ 2024-25 ਦੇ ਅਕਾਦਮਿਕ ਦਾਖਲਿਆਂ ਦੇ ਸ਼ੁਰੂ ਹੋਣ ਵਾਲੇ ਸੈਸ਼ਨ 'ਚ ਨੈਸ਼ਨਲ ਯੂਥ ਪਾਰਟੀ ਪੰਜਾਬ ਨੇ ਮਾਪਿਆਂ ਦੀ ਆਰਥਿਕ ਲੁੱਟ ਕਸੁੱਟ ਨਹੀਂ ਹੋਣ ਦੇਣਗੇ ਉਹਨਾਂ ਨੇ ਕਿਹਾ ਕਿ ਅਸੀਂ ਮਾਪਿਆਂ, ਸੰਸਥਾਵਾਂ, ਕਿਸਾਨ, ਜਥੇਬੰਦੀਆਂ, ਕਮਿਊਨਿਸਟ ਪਾਰਟੀਆਂ ਨੂੰ ਅਪੀਲ ਕਰਦੇ ਹਾਂ ਕਿ ਜਿਹੜਾ ਮਾਨਤਾ ਪ੍ਰਾਪਤ ਸਕੂਲ ਸਰਕਾਰ ਦੀ ਅਤੇ ਵਿਭਾਗੀ ਨਿਰਦੇਸ਼ਾਂ ਅਨੁਸਾਰ ਦਾਖਲੇ ਦੇ 30 ਦਿਨ ਪਹਿਲਾਂ ਅੱਠ ਫੀਸਦੀ ਹਿਸਾਬ ਨਾਲ ਤੈਅਸ਼ੁਦਾ ਪਿਛਲੇ ਸਾਲ ਮਾਪਿਆਂ ਤੋਂ ਵਸੂਲੀਆਂ ਫੀਸਾਂ ਦੇ ਵੇਰਵੇ ਜਨਤਕ ਤੌਰ 'ਤੇ ਨੋਟਿਸ ਬੋਰਡ ਤੇ ਨਹੀਂ ਲਾਵੇਗਾ ਉਨਾ ਸਕੂਲਾਂ 'ਚ ਇੱਕ ਵੀ ਬੱਚਾ ਦਾਖਲ ਨਹੀ ਹੋਣ ਦਿੱਤਾ ਜਾਵੇਗਾ ਉਨਾ ਨੇ ਕਿਹਾ ਕਿ ਨੈਸ਼ਨਲ ਯੂਥ ਪਾਰਟੀ ਮਾਪਿਆਂ ਨੂੰ ਸਲਾਨਾ ਫੀਸਾਂ ਤੋਂ ਵੀ ਪੂਰੀ ਛੋਟ ਦਵਾਉਣ ਦੇ ਹੱਕ 'ਚ ਹੈ ਸ੍ਰ: ਸਤਨਾਮ ਸਿੰਘ ਗਿੱਲ ਨੇ ਕਿਹਾ ਕਿ ਗੈਰ ਸਰਕਾਰੀ ਸਹਾਇਤਾ ਪ੍ਰਾਪਤ ਸਕੂਲਾਂ ਨੋ ਫਰੋਫੈਟ ਨੋ ਲੋਸ ਦੀ ਧਾਰਨਾ ਤੋਂ ਬਾਹਰ ਜਾ ਚੁੱਕੇ ਸਕੂਲ ਦੀ ਮਾਨਤਾ ਰੱਦ ਕਰਵਾਉਣ ਲਈ ਅਸੀਂ ਕਾਨੂੰਨ ਚਾਰਾਜੋਈ ਕਰ ਚੁੱਕੇ ਹਾਂ,ਇੱਕ ਸਵਾਲ ਦੇ ਜਵਾਬ ਉਹਨਾਂ ਨੇ ਕਿਹਾ ਕਿ ਨੈਸ਼ਨਲ ਯੂਥ ਪਾਰਟੀ ਪੰਜਾਬ ਦੀਆਂ 13 ਸੀਟਾਂ ਤੇ ਪੰਜਾਬ ਦੇ ਬੱਚਿਆਂ ਦੇ ਭਵਿੱਖ ਨੂੰ ਸੁਰੱਖਿਤ ਕਰਨ ਅਤੇ ਮਿਆਰੀ ਸਿੱਖਿਆ ਨੂੰ ਯਕੀਨੀ ਬਣਾਉਣ ਲਈ ਸਰਕਾਰੀ ਸਿੱਖਿਆ ਪ੍ਰਣਾਲੀ ਨੂੰ ਹਾਣ ਦਾ ਬਣਾਉਣ ਅਤੇ ਕਾਨੂੰਨ ਦੀ ਉਲੰਘਣਾ ਕਰਨ ਵਾਲੇ ਸਕੂਲਾਂ ਨੂੰ ਬੰਦ ਕਰਵਾਉਣ ਦੇ ਨਾਂ ਤੇ ਚੋਣ ਲੜ ਰਹੀ ਹੈ ਸ੍ਰ: ਸਤਨਾਮ ਸਿੰਘ ਗਿੱਲ ਨੇ ਦੱਸਿਆ ਕਿ ਪੰਜਾਬ ਸੂਬੇ 'ਚ ਸਿੱਖਿਆ ਦਾ ਅਧਿਕਾਰ ਕਾਨੂੰਨ 2009 ਦੀ ਪਾਲਣਾ ਨੂੰ ਯਕੀਨੀ ਬਣਾਉਣ ਅਤੇ ਆਰਟੀਈ ਐਕਟ ਰੂਲ 2011 ਦੇ ਨਿਯਮਾ 7(4) ਨੂੰ ਸੋਧ ਰਾਹੀਂ ਰੱਦ ਕਰਵਾਉਣੇ ਅਤੇ ਪਿਛਲੇ 13 ਸਾਲ ਤੋਂ ਕਨੂੰਨ ਦੀ ਉਲੰਘਣਾ ਕਰਨ ਵਾਲੇ ਅਫਸਰਾਂ ਅਧਿਕਾਰੀਆਂ ਅਤੇ ਗੈਰ ਸਰਕਾਰੀ ਸਹਾਇਤਾ ਪ੍ਰਾਪਤ ਸਕੂਲਾਂ ਦੀ ਜਵਾਬ ਤਲਬੀ ਨੂੰ ਯਕੀਨੀ ਬਣਾਉਣ ਲਈ ਤਿੰਨ ਕਰੋੜ ਮਾਪਿਆਂ ਦੇ ਹੱਕ ਅਤੇ ਬੱਚਿਆਂ ਦੇ ਅਧਿਕਾਰ ਦੀ ਵਕਾਲਤ ਕਰਦਿਆਂ ਸਾਡੀ ਟੀਮ ਦੇ ਪ੍ਰਮੁੱਖ ਆਗੂ ਸ੍ਰੀ ਓਕਾਰ ਨਾਥ ਸੇਵਾ ਮੁਕਤ ਆਈਏਐਸ ਅਤੇ ਸ੍ਰ: ਕਿਰਪਾਲ ਸਿੰਘ ਦੁਆਰਾ ਮਾਨਯੋਗ ਪੰਜਾਬ ਐਂਡ ਹਰਿਆਣਾ ਹਾਈ ਕੋਰਟ 'ਚ ਦਾਇਰ ਕੀਤੀ ਜਨ ਹਿਤ 'ਯਾਚਿਕਾ' ਦੇ ਆਧਾਰ ਤੇ ਪੰਜਾਬ ਸਰਕਾਰ ਨੂੰ ਨੋਟਿਸ ਹੋ ਚੁੱਕਾ ਹੈ ਉਨਾ ਨੇ ਦੱਸਿਆ ਹੈ ਕਿ ਮਾਣਯੋਗ ਪੰਜਾਬ ਐਂਡ ਹਰਿਆਣਾ ਹਾਈ ਕੋਰਟ ਨੇ ਉਕਤ ਮਾਮਲੇ 'ਚ ਪੰਜਾਬ ਸਰਕਾਰ ਤੋਂ 21/5/24 ਨੂੰ ਸਟੇਟਸ ਰਿਪੋਰਟ ਵੀ ਤਲਬ ਕਰ ਲਈ

> ☛ ਫੀਸਾਂ ਨਿਰਧਾਰਿਤ ਤੇ ਨਿਗਰਾਨੀ ਕਰਨ ਵਾਲੀ ਕਮੇਟੀ ਵੀ ਆਈ ਸਵਾਲਾਂ ਦੇ ਘੇਰੇ 'ਚ ☛ ਬਹੁਤੇ ਸਕੂਲ ਕਾਨੂੰਨ ਦੀ ਉਲੰਘਣਾ ਦੇ ਘੇਰੇ 'ਚ ☛ ਹਾਈਕੋਰਟ ਨੇ ਪੰਜਾਬ ਸਰਕਾਰ ਨੂੰ ਕੀਤਾ ਨੋਟਿਸ 21/5/24 ਨੂੰ ਕੀਤੀ ਸਟੇਟਸ ਰਿਪੋਰਟ 'ਤਲਬ'

ਹੈ ਉਹਨਾਂ ਨੇ ਕਿਹਾ ਕਿ ਗੁਰਦਾਸਪੁਰ ਲੋਕ ਸਭਾ ਹਲਕੇ ਤੋਂ ਸਰਦਾਰ ਉਕਾਰ ਸਿੰਘ ਸੋਨੂ ਅਤੇ ਹੁਸ਼ਿਆਰਪੁਰ ਲੋਕ ਸਭਾ ਹਲਕੇ ਤੋਂ ਗੁਰਵਿੰਦਰ ਸਿੰਘ ਮੰਨੂ ਭੱਟੀ ਗਰੀਬ ਪਰਿਵਾਰਾਂ ਦੇ ਬੱਚਿਆਂ ਨੂੰ ਅੰਗਰੇਜ਼ੀ ਸਕੂਲਾਂ 'ਚ 25% ਕੋਟੇ ਦੀਆਂ ਸੀਟਾਂ ਤੇ ਮੁਫਤ ਦਾਖਲੇ ਦਵਾਉਂਣ ਲਈ ਚੋਣ ਲੜਣਗੇ ਉਹਨਾਂ ਨੇ ਕਿਹਾ ਕਿ ਗੁਰਦਾਸਪੁਰ ਹਲਕੇ 'ਚ ਇਸਾਈ ਭਾਇਚਾਰੇ ਦੇ ਕਬਰਸਤਾਨ ਦੀ ਚਰੋਕੀ ਮੰਗ ਨੂੰ ਪੂਰਿਆਂ ਕਰਨ ਲਈ ਸਾਡੀ ਪਾਰਟੀ ਦੇ ਉਮੀਦਵਾਰ ਰਾਜ ਕਰ ਚੁੱਕੀਆਂ ਪਾਰਟੀਆਂ ਨੂੰ ਬੇਨਕਾਬ ਕਰਨਗੇ ।ਉਹਨਾਂ ਨੇ ਕਿਹਾ ਕਿ ਕੇ ਸਤਾ ਦੇ ਕਾਬਜ ਰਹੀਆਂ ਰਾਜਸੀ ਧਿਰਾਂ ਦੀ ਨੀਅਤ ਖੋਟੀ ਹੋਣ ਕਰਕੇ ਰਾਈਟ ਟੂ ਐਜੂਕੇਸ਼ਨ ਐਕਟ 2009 'ਚ ਪਾਸ ਕੀਤੇ ਕਾਨੂੰਨ ਨੂੰ ਲਾਗੂ ਨਾ ਕਰਕੇ ਪੰਜਾਬ ਦੇ 10 ਲੱਖ ਬੱਚਿਆਂ ਦਾ ਪ੍ਰਾਈਵੇਟ ਸਕੂਲ ਵਾਲਿਆਂ ਨੇ ਬੌਧਿਕ ਨਸਲਕੁਸ਼ੀ ਕਰਨ ਦੇ ਨਾਲ ਨਾਲ ਵਿਆਪਕ ਪੱਧਰ ਤੇ ਬਾਲਾਂ ਦੇ ਅਧਿਕਾਰਾਂ ਦਾ ਹੱਨਨ ਵੀ ਕੀਤਾ ਹੈ। ਉਹਨਾਂ ਨੇ ਕਿਹਾ ਕਿ ਸਿੱਖਿਆ ਨੂੰ ਸੰਵਿਧਾਨ ਦੀ 86ਵੀ ਸੋਧ ਦੇ ਦੌਰਾਨ ਮੌਲਿਕ ਅਧਿਕਾਰ ਦਾ ਦਰਜਾ ਮਿਲ ਚੁੱਕਾ ਹੈ ,ਪਰ ਪੰਜਾਬ ਸਰਕਾਰ ਅਤੇ ਸਕੂਲ ਵਾਲਿਆਂ ਨੇ ਲੋੜਵੰਦ ਬੱਚਿਆਂ ਨੂੰ ਫਰੀ ਆਫ ਕੋਸਟ ਐਜੂਕੇਸ਼ਨ ਨਾ ਦੇ ਕੇ ਅਧਿਕਾਰਾਂ ਦਾ ਵੀ ਹਨਨ ਕੀਤਾ ਹੈ,ਅਤੇ ਐਕਟ ਦੀ ਵੀ ਉਲੰਘਣਾ ਕੀਤੀ ਹੈ। ਇਸ ਕਰਕੇ ਦੋਵੇਂ ਧਿਰਾ ਇਸ ਵੇਲੇ ਸਵਾਲਾਂ ਦੇ ਕਟਹਿਰੇ ਖੜੀਆਂ ਹੋ ਚੁੱਕੀਆਂ ਹਨ ।

ਇਸ ਮੌਕੇ ਪੀ.ਆਰ.ਓ ਅੰਮ੍ਰਿਤਪਾਲ ਸਿੰਘ ਸ਼ਾਹਪੁਰ,ਪੀਏ ਗੁਰਪ੍ਰੀਤ ਸਿੰਘ ਖਾਲਸਾ, ਜਸ਼ਨਦੀਪ ਸਿੰਘ ਖਾਨਪੁਰ ਆਦਿ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

# ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਵੱਲੋਂ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਭਰਾਵਾਂ ਨਾਲ ਮੁਲਾਕਾਤ



**ਅੰਮ੍ਰਿਤਸਰ/ਰੋਡੇ, 9 ਮਾਰਚ (ਆਵਾਜ਼ਿ ਕੌਮ ਬਿਊਰੋ)**-ਸਿੱਖ ਪ੍ਰਚਾਰਕ, ਪੰਥਕ ਲੇਖਕ ਅਤੇ ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ ਦੇ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਜਿਲ੍ਹਾ ਮੋਗਾ ਦੇ ਇਤਿਹਾਸਕ ਪਿੰਡ ਰੋਡੇ ਵਿਖੇ ਪਹੁੰਚ ਕੇ ਵੀਹਵੀਂ ਸਦੀ ਦੇ ਮਹਾਨ ਸਿੱਖ, ਜਰਨੈਲਾਂ ਦੇ ਜਰਨੈਲ ਅਤੇ ਦਮਦਮੀ ਟਕਸਾਲ ਦੇ ਚੌਦ੍ਹਵੇਂ ਮੁਖੀ ਸੰਤ ਗਿਆਨੀ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦੇ ਭਰਾਤਾ ਕੈਪਟਨ ਹਰਚਰਨ ਸਿੰਘ ਰੋਡੇ ਅਤੇ ਭਰਾਤਾ ਭਾਈ ਹਰਜੀਤ ਸਿੰਘ ਨਾਲ ਮੁਲਾਕਾਤ ਕਰਕੇ ਪੰਥਕ ਵਿਚਾਰਾਂ ਦੀ ਸਾਂਝ ਕੀਤੀ ਤੇ ਸਿੱਖ ਸੰਘਰਸ਼ ਬਾਬਤ ਅਨਮੋਲ ਜਾਣਕਾਰੀ ਲਿਖੀ ਹੈ। ਇਸ ਦੌਰਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਕੈਪਟਨ ਹਰਚਰਨ ਸਿੰਘ ਰੋਡੇ ਦੀ ਸਿਹਤ ਦਾ ਹਾਲ-ਚਾਲ ਵੀ ਜਾਣਿਆ ਅਤੇ ਉਹਨਾਂ ਦੀ ਤੰਦਰੁਸਤੀ ਅਤੇ ਚੜ੍ਹਦੀ ਕਲਾ ਲਈ ਅਰਦਾਸ ਵੀ ਕੀਤੀ। ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਦੋਵੇਂ ਭਰਾਤਾ ਕੈਪਟਨ ਹਰਚਰਨ ਸਿੰਘ ਰੋਡੇ ਅਤੇ ਭਾਈ ਹਰਜੀਤ ਸਿੰਘ ਨੂੰ ਸਤਿਕਾਰ ਸਹਿਤ ਤਵਾਰੀਖ਼ ਸ਼ਹੀਦ-ਏ-ਖ਼ਾਲਿਸਤਾਨ (ਭਾਗ ਤੀਜਾ) ਕਿਤਾਬ, ਸਿੱਖ ਸੰਘਰਸ਼ ਦੇ ਯੋਧਿਆਂ ਦੀ ਗਾਥਾ ਕਿਤਾਬ ਅਤੇ ਕੌਮੀ ਯੋਧੇ ਭਾਈ ਸੰਦੀਪ ਸਿੰਘ ਦੀਪ ਸਿੱਧੂ 'ਤੇ ਲਿਖੀ ਹੋਂਦ ਦਾ ਨਗਾਰਚੀ ਕਿਤਾਬ ਅਤੇ ਖ਼ਾਲਸਾ ਫ਼ਤਹਿਨਾਮਾ ਰਸਾਲੇ ਵੀ ਭੇਂਟ ਕੀਤੇ ਅਤੇ ਸ਼ਹੀਦ ਭਾਈ ਹਰਦੇਵ ਸਿੰਘ ਰੋਡੇ ਤੇ ਸ਼ਹੀਦ ਭਾਈ ਪਰਸ਼ਾ ਸਿੰਘ ਰੋਡੇ, ਭਾਈ ਜਸਬੀਰ ਸਿੰਘ ਕੁੱਕੂ ਰੋਡੇ ਦੇ ਘਰਾਂ ਵਿੱਚ ਪਹੁੰਚ ਕੇ ਉਹਨਾਂ ਦਾ ਜੀਵਨ ਇਤਿਹਾਸ ਵੀ ਜਾਣਿਆ।ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਦੇ ਜਨਮ ਅਸਥਾਨ ਗੁਰਦੁਆਰਾ ਸੰਤ ਖ਼ਾਲਸਾ ਦੇ ਹੈੱਡ ਗ੍ਰੰਥੀ ਗਿਆਨੀ ਬਲਵਿੰਦਰ ਸਿੰਘ ਰੋਡੇ (ਦਮਦਮੀ ਟਕਸਾਲ) ਵੱਲੋਂ ਪੰਥਕ ਲੇਖਕ ਅਤੇ ਫ਼ੈਡਰੇਸ਼ਨ ਭਿੰਡਰਾਂਵਾਲਾ ਦੇ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਦਾ ਸਨਮਾਨ ਵੀ ਕੀਤਾ ਗਿਆ। ਭਾਈ ਬਲਵਿੰਦਰ ਸਿੰਘ ਰੋਡੇ ਨੇ ਕਿਹਾ ਕਿ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਵੱਲੋਂ ਮੌਜੂਦਾ ਸੰਘਰਸ਼ ਦੇ ਸ਼ਹੀਦਾਂ ਅਤੇ ਯੋਧਿਆਂ ਦਾ ਇਤਿਹਾਸ ਸਾਂਭ ਕੇ ਮਹਾਨ ਕਾਰਜ ਕੀਤਾ ਜਾ ਰਿਹਾ ਹੈ ਜਿਸ ਤੋਂ ਸਾਡੀਆਂ ਆਉਣ ਵਾਲੀਆਂ ਪੀੜੀਆਂ ਸੇਧ ਲੈਣਗੀਆਂ। ਇਸ ਮੌਕੇ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਕਿਹਾ ਕਿ ਅਸੀਂ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਅਤੇ ਸ਼ਹੀਦ ਭਾਈ ਅਮਰੀਕ ਸਿੰਘ ਖ਼ਾਲਸਾ ਦੇ ਪਾਏ ਪੂਰਨਿਆਂ 'ਤੇ ਪਹਿਰਾ ਦਿੰਦਿਆਂ ਕੌਮੀ ਨਿਸ਼ਾਨੇ ਨੂੰ ਸਰ ਕਰਾਂਗੇ। ਇਸ ਮੌਕੇ ਭਾਈ ਅੰਗਦ ਸਿੰਘ ਕਸ਼ਮੀਰ ਵੀ ਨਾਲ ਸਨ ਉਹਨਾਂ ਕਿਹਾ ਕਿ ਰੋਡੇ ਪਿੰਡ ਆ ਕੇ ਅਸੀਂ ਖ਼ੁਦ ਨੂੰ ਵਡਭਾਗਾ ਮਹਿਸੂਸ ਕਰ ਰਹੇ ਹਾਂ।

ਆਵਾਜ਼ਿ ਕੌਮ AWAZE QAUM International Newspaper & WEB TV

# ਡਕੈਤੀ ਦੀ ਵਾਰਦਤ ਨੂੰ ਸਫਲਤਾ ਪੂਰਵਕ ਸੁਲਝਾਉਦੇ ਹੋਏ ਥਾਣਾ ਮਹਿਤਾ ਪੁਲਿਸ ਵੱਲੋ 02 ਲੁਟੇਰੇ : ਇੱਕ 32 ਬੋਰ ਪਿਸਟਲ ਅਤੇ ਇੱਕ ਗੱਡੀ ਸਮੇਤ ਕਾਬੂ



**ਚੌਂਕ ਮਹਿਤਾ, 9 ਮਾਰਚ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਥਾਣਾ ਮਹਿਤਾ ਦੇ ਐਚ ਓ ਹਿਮਾਂਸ਼ੂ ਭਗਤ ਨੇਂ ਜਾਣਕਾਰੀ ਦਿੰਦਿਆਂ ਦੱਸਿਆ ਕਿ ਰਣਜੀਤ ਕੌਰ ਪਤਨੀ ਜੋਗਾ ਸਿੰਘ ਵਾਸੀ ਬੁੱਟਰ ਖੁਰਦ ਨੇ ਪੁਲਿਸ ਨੂੰ ਇਤਲਾਹ ਦਿੱਤੀ ਕਿ ਮਿਤੀ 28.02.024 ਨੂੰ ਮੈਂ ਤੇ ਮੇਰੀ ਬੇਟੀ ਜਸਪ੍ਰੀਤ ਕੌਰ ਘਰ ਵਿੱਚ ਇਕੱਲੀਆ ਸਨ ਤਾਂ ਸਵੇਰੇ 6:30 ਵਜੇ ਦੇ ਕਰੀਬ ਜਦ ਉਹਨਾ ਨੇ ਆਪਣੇ ਘਰ ਦਾ ਦਰਵਾਜਾ ਖੋਲਿਆ ਤਾਂ ਦੋ ਨੌਜਵਾਨ ਜਿਨ੍ਹਾ ਮੂੰਹ ਬੰਨੇ ਹੋਏ ਸਨ ਦੁਆਰਾ ਉਹਨਾ ਨੂੰ ਬੰਦੀ ਬਣਾ ਕੇ ਪਿਸਤੌਲ ਦੀ ਨੋਕ ਤੇ ਇੱਕ ਸਵਿਫਟ ਗੱਡੀ ਨੰਬਰੀ ਪੀ.ਬੀ.02 ਈ. ਡੀ.6708, ਤੇ ਸੋਨੇ ਦੀਆ ਵਾਲੀਆ, ਤਿੰਨ ਮੋਬਾਇਲ ਫੋਨ ਅਤੇ 5 ਹਜਾਰ ਰੁਪਏ ਲੁੱਟ ਕੇ ਲੈ ਗਏ ਹਨ। ਜਿਸ ਤੇ ਤੁਰੰਤ ਕਾਰਵਾਈ ਕਰਦਿਆ ਮੁੱਖ ਅਫਸਰ ਥਾਣਾ ਮਹਿਤਾ ਵੱਲੋ ਮੁਕੱਦਮਾ ਰਜਿਸਟਰ ਕਰਕੇ ਤਫਤੀਸ਼ ਸ਼ੁਰੂ ਕਰ ਦਿੱਤੀ।

ਜੋ ਟੈਕਨੀਕਲ ਸੈੱਲ ਅਤੇ ਹਿਊਮਨ ਇੰਟੈਲੀਜੈਂਸ ਦੀ ਮਦਦ ਨਾਲ ਤਫਤੀਸ਼ ਕਰਦਿਆ ਮੁੱਖ ਅਫਸਰ ਹਿਮਾਂਸ਼ੂ ਭਗਤ ਥਾਣਾ ਮਹਿਤਾ ਵੱਲੋ ਜਗਜੀਤ ਸਿੰਘ ਉਰਫ ਜੱਗੂ ਪੁੱਤਰ ਪ੍ਰੇਮ ਸਿੰਘ ਅਤੇ ਜਤਿੰਦਰ ਸਿੰਘ ਉਰਫ ਕਾਲੂ ਪੁੱਤਰ ਭਗਵੰਤ ਸਿੰਘ ਵਾਸੀਆਨ ਬਾਬਾ ਬਕਾਲਾ ਸਾਹਿਬ ਥਾਣਾ ਬਿਆਸ ਨੂੰ ਇੱਕ 32 ਬੋਰ ਪਿਸਟਲ ਅਤੇ ਲੁੱਟ ਕੀਤੀ ਸਵਿਫਟ ਗੱਡੀ ਸਮੇਤ ਗ੍ਰਿਫਤਾਰ ਕਰ ਲਿਆ ਗਿਆ। ਉਕਤ ਗ੍ਰਿਫਤਾਰ ਦੋਸ਼ੀਆ ਦੇ ਹੋਰ ਸਾਥੀਆ ਸਬੰਧੀ ਜਾਣਕਾਰੀ ਇਕੱਠੀ ਕੀਤੀ ਜਾ ਰਹੀ ਹੈ ਅਤੇ ਜਿਸ ਕਿਸੇ ਦੀ ਵੀ ਸ਼ਮੂਲੀਅਤ ਸਾਹਮਣੇ ਆਵੇਗੀ ਉਸ ਖਿਲਾਫ ਸਖਤ ਤੋਂ ਸਖਤ ਕਾਰਵਾਈ ਕੀਤੀ ਜਾਵੇਗੀ।

## ਬਾਬਾ ਜੀ ਦਾ ਅਹਿਦ ਸੰਪੂਰਨ ਹੋਇਆ

# ਸ਼ਹੀਦੀ ਯਾਦਗਾਰ ਤੋਂ ਬਾਅਦ ਸ਼ਹੀਦੀ ਗੈਲਰੀ ਸੰਗਤਾਂ ਨੂੰ ਸਮਰਪਿਤ







ਆਵਾਜ਼ਿ ਕੌਮ
AWAZE QAUM
International Newspaper & WEB TV













**ਸੰਤ ਗਿਆਨੀ** ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਨੇ ਸੰਨ 2005 'ਚ ਦਮਦਮੀ ਟਕਸਾਲ ਦੇ 16ਵੇਂ ਮੁਖੀ ਦੇ ਰੂਪ ਚ ਸੇਵਾ ਸੰਭਾਲਣ ਤੋਂ ਬਾਅਦ ਜੋ ਅਹਿਦ ਲਿਆ ਸੀ ਅੱਜ 9 ਮਾਰਚ 2024 ਨੂੰ ਉਹ ਅਹਿਦ ਗੁਰੂ ਸਾਹਿਬ ਜੀ ਦੀ ਅਪਾਰ ਬਖਸ਼ਿਸ਼ ਸਦਕਾ ਸੰਪੂਰਨ ਹੋਇਆ ਏ ॥

ਉਹ ਅਹਿਦ ਕੀ ਸੀ ਤੁਸੀਂ ਜ਼ਰੂਰ ਜਾਨਣਾਂ ਚਾਹੋਗੇ ?

ਜੂਨ 1984 ਵਿੱਚ ਭਾਰਤੀ ਸਟੇਟ ਵੱਲੋਂ ਸਿੱਖਾਂ ਦੀ ਜਿੰਦਜਾਨ ਪਾਵਨ ਗੁਰਧਾਮ ਸ੍ਰੀ ਹਰਿਮੰਦਰ ਸਾਹਿਬ ਉੱਪਰ ਜੋ ਕਹਿਰੀ ਫੌਜੀ ਹਮਲਾ ਕੀਤਾ ਗਿਆ ਉਸ ਹਮਲੇ ਦਾ ਨਿੱਡਰਤਾ ਨਾਲ ਸਾਹਮਣਾ ਕਰਦੇ ਹੋਏ ਦਮਦਮੀ ਟਕਸਾਲ ਦੇ ਚੌਧਵੇਂ ਮੁਖੀ ਮਹਾਨ ਸੂਰਬੀਰ ਕਹਿਣੀ ਕਰਨੀ ਦੇ ਪੂਰੇ ਸੂਰੇ ਸੰਤ ਗਿਆਨੀ ਜਰਨੈਲ ਸਿੰਘ ਜੀ

ਆਵਾਜ਼ਿ ਕੌਮ
AWAZE QAUM
International Newspaper & WEB TV

ਖਾਲਸਾ ਭਿੰਡਰਾਂਵਾਲੇ ਆਪਣੇ ਸਾਥੀਆਂ ਸਮੇਤ ਸ਼ਹਾਦਤ ਪ੍ਰਾਪਤ ਕਰ ਗਏ ਸੀ ਉੱਥੇ ਹੀ ਇਸ ਹਮਲੇ ਚ ਪੰਜਵੇਂ ਪਾਤਸ਼ਾਹ ਧੰਨ ਸ੍ਰੀ ਗੁਰੂ ਅਰਜੁਨ ਦੇਵ ਮਹਾਰਾਜ ਜੀ ਦਾ ਸ਼ਹੀਦੀ ਦਿਹਾੜੇ ਮੌਕੇ ਦਰਸ਼ਨ ਕਰਨ ਆਈਆਂ ਹਜ਼ਾਰਾਂ ਸਿੱਖ ਸੰਗਤਾਂ ਜਿੰਨਾਂ ਵਿੱਚ ਬੱਚੇ ਜਵਾਨ ਬਜ਼ੁਰਗ ਮਾਈਆਂ ਬੀਬੀਆਂ ਸਭ ਸ਼ਾਮਿਲ ਸਨ ਸਭ ਹਮਲਾਵਰ ਫੌਜ ਦੀਆਂ ਗੋਲੀਆਂ ਬੰਬਾਂ ਦੇ ਸ਼ਿਕਾਰ ਹੋ ਗਏ ॥

ਜੂਨ 1984 ਦੇ ਕਹਿਰੀ ਸਾਕੇ ਨੂੰ ਬੀਤੇ ਸਾਲ ਦਰ ਸਾਲ ਗੁਜ਼ਰ ਗਏ ਉਸ ਕਹਿਰੀ ਹਮਲੇ ਦੇ ਨਿਸ਼ਾਨ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਵਿੱਚੋਂ ਧੁੰਦਲੇ ਪੈਣ ਲੱਗੇ ਭਾਵ ਟੈਂਕਾ ਦੇ ਗੋਲਿਆਂ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਤਬਾਹ ਹੋਈ ਇਮਾਰਤ ਦੀ ਮੁੜ ਤਾਮੀਰ ਹੋ ਗਈ ਪ੍ਰਕਰਮਾਂ ਚ ਸਥਿਤ ਇਤਿਹਾਸਕ ਬੁੰਗਿਆਂ ਦਾ ਨਵੀਨੀਕਰਣ ਕਰਨ ਕਾਰਨ ਉਹਨਾਂ ਉੱਪਰ ਦਿੱਸਦੇ ਗੋਲੀਆਂ ਤੇ ਤੋਪਾਂ ਦੇ ਗੋਲਿਆਂ ਦੇ ਨਿਸ਼ਾਨ ਮਿਟ ਗਏ ਸ੍ਰੀ ਹਰਿਮੰਦਰ ਸਾਹਿਬ ਦੀ ਪ੍ਰਕਰਮਾਂ ਦੀਆਂ ਕੰਧਾਂ ਤੇ ਕਮਰਿਆਂ ਤੇ ਗੋਲੀਆਂ ਦੇ ਨਿਸ਼ਾਨ ਮੁੜ ਕੀਤੇ ਪਲੱਸਤਰ ਹੇਠ ਆ ਗਏ ਹਮਲੇ ਦੇ ਤਕਰੀਬਨ ਨਿਸ਼ਾਨ ਦੋ ਤਿੰਨ ਦਹਾਕੇ ਬੀਤਣ ਦੇ ਬਾਅਦ ਹੀ ਅੱਖਾਂ ਤੋਂ ਉਹਲੇ ਹੋ ਚੁੱਕੇ ਸਨ ਜਦੋਂਕਿ ਉਥੋਂ ਥੋੜੀ ਦੂਰੀ ਤੇ ਸਥਿਤ ਜਲਿਆਂਵਾਲਾ ਬਾਗ ਚ ਅੰਗਰੇਜ਼ ਹਕੂਮਤ ਵੱਲੋਂ ਸੰਨ 1999 ਚ ਪੰਜਾਬੀਆਂ ਦੇ ਕੀਤੇ ਕਤਲੇਆਮ ਦੇ ਨਿਸ਼ਾਨ ਸੌ ਸਾਲ ਤੋਂ ਵੱਧ ਸਮਾਂ ਬੀਤ ਜਾਣ ਦੇ ਬਾਵਜੂਦ ਅੱਜ ਵੀ ਹੂਬਹੂ ਦੇਖਣ ਨੂੰ ਮਿਲ ਜਾਂਦੇ ਹਨ॥

ਦਮਦਮੀ ਟਕਸਾਲ ਦੇ ਮੁਖੀ ਦੀ ਸੇਵਾ ਸੰਭਾਲਣ ਤੋਂ ਬਾਅਦ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਦੀ ਦ੍ਰਿੜ ਇੱਛਾ ਸੀ ਕਿ ਜੂਨ 1984 ਚ ਸ਼ਹੀਦ ਹੋਏ ਸਿੰਘ ਸਿੰਘਣੀਆਂ ਸੰਗਤਾਂ ਦੀ ਕੋਈ ਸਦੀਵੀ ਯਾਦਗਾਰ ਬਣਾਈ ਜਾਵੇ ਤਾਂ ਜੋ ਸਾਡੀਆਂ ਆਉਣ ਵਾਲੀਆਂ ਨਸਲਾਂ ਉਸ ਕਹਿਰੀ ਹਮਲੇ ਤੋਂ ਜਾਣੂੰ ਹੁੰਦੀਆਂ ਰਹਿ ਸਕਣ ਤੇ ਸ੍ਰੀ ਹਰਿਮੰਦਰ ਸਾਹਿਬ ਜੀ ਉੱਪਰ ਹੋਏ ਫੌਜੀ ਹਮਲੇ ਦਾ ਸਾਹਮਣਾ ਕਰਦੇ ਸ਼ਹੀਦ ਹੋਏ ਸੰਤ ਗਿਆਨੀ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਤੇ ਉਹਨਾਂ ਦੇ ਜੁਝਾਰੂ ਸਾਥੀਆਂ ਵੱਲੋਂ ਵਿਖਾਈ ਅਥਾਹ ਸੂਰਬੀਰਤਾ ਅਤੇ ਉਹਨਾਂ ਦੀ ਪਛਾਣ ਤੋਂ ਵੀ ਸੰਸਾਰ ਦੇ ਲੋਕ ਸਦੀਵੀ ਕਾਲ ਵਾਸਤੇ ਜਾਣੂੰ ਹੁੰਦੇ ਰਹਿਣ॥





ਗਿਆਨੀ ਹਰਨਾਮ ਹਰਨਾਮ ਸਿੰਘ ਜੀ ਖਾਲਸਾ ਨੇ ਆਪਣੇ ਸੋਚੇ ਹੋਏ ਮਕਸਦ ਦੀ ਸਫਲਤਾ ਵਾਸਤੇ ਇੱਕ ਨਿਮਾਣੇ ਸਿੱਖ ਵਾਂਗ ਧੰਨ ਸ੍ਰੀ ਗੁਰੂ ਰਾਮਦਾਸ ਸਾਹਿਬ ਸੱਚੇ ਪਾਤਸ਼ਾਹ ਜੀ ਦੇ ਪਾਵਨ ਚਰਨਾਂ ਚ ਅਰਜੋਈ ਕੀਤੀ ਕਿ ਉਹ ਇਸ ਮਹਾਨ ਕਾਰਜ ਦੀ ਨਿਰਵਿਘਨ ਸਫਲਤਾ ਵਾਸਤੇ ਆਪਣੇ ਦਾਸਾਂ ਨੂੰ ਬਲ ਬਖਸ਼ਿਸ਼ ਕਰਨ ਆਪਣੀ ਕਲਾ ਵਰਤਾਉਣ ਤਾਂ ਜੋ ਅਸੰਭਵ ਪ੍ਰਤੀਤ ਹੁੰਦਾ ਕਾਰਜ ਵੀ ਸੰਭਵ ਹੋ ਜਾਵੇ ॥

ਗੁਰੂ ਸਾਹਿਬ ਜੀ ਨੇ ਕਿਰਪਾ ਕੀਤੀ ਸੰਨ 2012 ਚ ਦਮਦਮੀ ਟਕਸਾਲ ਨੂੰ ਸ਼ਹੀਦੀ ਯਾਦਗਾਰ ਬਨਾਉਣ ਦੀ ਸੇਵਾ ਮਿਲ ਗਈ ਰਾਜਨੀਤਕ ਲੋਕਾਂ ਵੱਲੋਂ ਬਹੁਤ ਹੋ ਹੱਲਾ ਮਚਾਇਆ ਗਿਆ ਬਹੁਤ ਵਿਰੋਧ ਹੋਇਆ ਪਰ ਬਾਬਾ ਜੀ ਸੰਗਤਾਂ ਦੇ ਸਹਿਯੋਗ ਨਾਲ ਦਿਨ ਰਾਤ ਇਸ ਕਾਰਜ ਨੂੰ ਨੇਪਰੇ ਚਾੜਨ ਵਾਸਤੇ ਸੇਵਾ ਵਿੱਚ ਜੁਟੇ ਰਹੇ ਤੇ ਤਕਰੀਬਨ ਦੋ ਸਾਲਾਂ ਚ ਪੂਰਨ ਹੋਣ ਵਾਲੇ ਕਾਰਜ ਨੂੰ ਨੌਂ ਕੁ ਮਹੀਨੇ ਵਿੱਚ ਹੀ ਪੂਰਨ ਕਰ ਦਿੱਤਾ ??

ਸ਼ਹੀਦੀ ਯਾਦਗਾਰ ਆਰੰਭ ਤੋਂ ਲੈਕੇ ਪੂਰਨ ਹੋਣ ਤੱਕ ਵਿਵਾਦਾਂ ਚ ਘਿਰੀ ਰਹੀ ਬੇਗਾਨਿਆਂ ਦੇ ਨਾਲ ਨਾਲ ਆਪਣਿਆਂ ਨੇ ਵੀ ਗਾਹੇ ਬਗਾਹੇ ਸਿੱਧੇ ਅਸਿੱਧੇ ਢੰਗ ਨਾਲ ਵਿਰੋਧ ਕੀਤਾ ਯਾਦਗਾਰ ਦੀ ਸੇਵਾ ਨੂੰ ਸਰਕਾਰੀ ਸੇਵਾ ਤੱਕ ਕਿਹਾ ਗਿਆ ਕਈਆਂ ਵੱਲੋਂ ਇਸ ਯਾਦਗਾਰ ਨੂੰ ਢਾਹੁਣ ਤੱਕ ਦੇ ਦਮਗਜੇ ਮਾਰੇ ਗਏ ਪਰ ਬਾਬਾ ਜੀ ਨੇ ਇਹਨਾਂ ਸਭ ਬਿਆਨਾਂ ਧਮਕੀਆਂ ਤੋਂ ਨਿਰਲੇਪ ਰਹਿ ਕੇ ਆਪਣੀ ਸੇਵਾ ਜਾਰੀ ਰੱਖੀ ਤੇ ਸੰਨ 2013 ਚ ਸ਼ਹੀਦੀ ਯਾਦਗਾਰ ਸਿੱਖ ਸੰਗਤਾਂ ਨੂੰ ਸਮਰਪਿਤ ਕਰ ਦਿੱਤੀ ਗਈ ॥

ਸੰਗਤਾਂ ਅਨੁਸਾਰ ਸ਼ਹੀਦੀ ਯਾਦਗਾਰ ਸੰਗਤਾਂ ਨੂੰ ਸਮਰਪਿਤ ਹੋਣ ਦੇ ਬਾਅਦ ਇਹ ਸੇਵਾ ਸੰਪੂਰਨ ਸੀ ਪਰ ਬਾਬਾ ਜੀ ਜਾਣਦੇ ਸਨ ਕਿ ਜਦੋਂ ਤੱਕ ਸ਼ਹੀਦੀ ਗੈਲਰੀ ਬਣਾ ਕੇ ਜੂਨ 1984 ਵਿੱਚ ਵਾਪਰੇ ਕਹਿਰ ਤੇ ਸ਼ਹੀਦ ਹੋਏ ਸਮੂਹ ਸਿੰਘਾਂ ਦੀਆਂ ਤਸਵੀਰਾਂ ਸੁਸ਼ੋਭਿਤ ਨਹੀਂ ਹੋ ਜਾਂਦੀਆਂ ਇਹ ਕਾਰਜ ਅਧੂਰਾ ਹੈ ਪਰ ਬਾਬਾ ਜੀ ਨੂੰ ਆਪਣੇ ਗੁਰੂ ਸਾਹਿਬ ਜੀ ਉੱਪਰ ਪੂਰਨ ਭਰੋਸਾ ਸੀ ਕਿ ਗੁਰੂ ਸਾਹਿਬ ਜੀ ਆਪਣੇ ਦਾਸਾਂ ਵੱਲੋਂ ਚਿਤਵੇ ਤੇ ਆਰੰਭੇ ਕਾਰਜ ਨੂੰ ਜ਼ਰੂਰ ਸੰਪੂਰਨ ਕਰਵਾਉਣਗੇ ॥

ਆਖਿਰ 2017 ਚ ਸ਼ਹੀਦੀ ਗੈਲਰੀ ਦੀ ਸੇਵਾ ਮੁੜ ਦਮਦਮੀ ਟਕਸਾਲ ਨੂੰ ਮਿਲ ਗਈ ਸ਼ਹੀਦ ਹੋਏ ਸਿੰਘਾਂ ਦੀਆਂ ਤਸਵੀਰਾਂ ਉਹਨਾਂ ਦੇ ਨਾਮ ਪਤੇ ਇਕੱਠੇ ਕਰਨ ਦਾ ਕਾਰਜ ਵੀ ਬੜਾ ਕਠਿਨ ਸੀ ਪਰ ਗੁਰੂ ਕਿਰਪਾ ਨਾਲ ਸਭ ਕਾਰਜ ਸੁਖੈਨ ਹੁੰਦੇ ਗਏ ਤੇ ਸ਼ਹੀਦੀ ਗੈਲਰੀ ਦੀ ਸੇਵਾ ਤਕਰੀਬਨ ਅੱਠ ਕੁ ਸਾਲ ਦੇ ਅਰਸੇ ਅੰਦਰ ਪੂਰਨ ਹੋ ਗਈ ਇਸ ਸ਼ਹੀਦੀ ਗੈਲਰੀ ਚ ਅਮਰ ਸ਼ਹੀਦ ਸੰਤ ਗਿਆਨੀ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਅਮਰ ਸ਼ਹੀਦ ਭਾਈ ਸਾਹਿਬ ਭਾਈ ਅਮਰੀਕ ਸਿੰਘ ਜੀ ਸ਼ਹੀਦ ਜਨਰਲ ਸ਼ਾਹਬੇਗ ਸਿੰਘ ਜੀ ਬਾਬਾ ਥਾਹਰਾ ਸਿੰਘ ਜੀ ਅਤੇ ਜੂਝਕੇ ਸ਼ਹੀਦ ਹੋਏ ਸਮੁੱਚੇ ਸਿੰਘਾਂ ਸੂਰਬੀਰਾਂ ਦੀਆਂ ਤਸਵੀਰਾਂ ਸਮੇਤ ਜੂਨ 1984 ਚ ਤੋਪਾਂ ਦੇ ਗੋਲਿਆਂ ਨਾਲ ਤਬਾਹ ਤੇ ਖੰਡਰ ਹੋਈ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਇਮਾਰਤ ਦਾ ਮਾਡਲ ਵੀ ਸੁਸ਼ੋਭਿਤ ਕੀਤਾ ਗਿਆ ਹੈ ਜੂਨ 1984 ਚ ਵਾਪਰੇ ਖੂਨੀ ਘੱਲੂਘਾਰੇ ਨੂੰ ਡਿਜੀਟਲ ਰੂਪ ਚ ਸੰਗਤਾਂ ਨੂੰ ਵਿਖਾਉਣ ਦਾ ਵੀ ਵਿਸ਼ੇਸ਼ ਪ੍ਰਬੰਧ ਹੈ ਜੋ ਦਰਸ਼ਨ ਕਰਨ ਵਾਲਿਆਂ ਦੀ ਸੁਰਤ ਆਪਮੁਹਾਰੇ 1984 ਚ ਵਰਤਾਏ ਗਏ ਖੂਨੀ ਘੱਲੋਘਾਰੇ ਵੱਲ ਖੜਨ ਵਾਸਤੇ ਸਮਰੱਥ ਹੈ ਇਸ ਸਾਰੇ ਕਾਰਜ ਦੀ ਨਿਗਰਾਨੀ ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਖ਼ੁੱਦ ਕਰਦੇ ਰਹੇ ਹਨ ਉਹ ਸੇਵਾ ਦੀਆਂ ਸਾਰੀਆਂ ਜ਼ਿੰਮੇਵਾਰੀਆਂ ਜ਼ਿੰਮੇਵਾਰ ਸਿੰਘਾਂ ਦੇ ਜ਼ਿੰਮੇ ਲਾ ਕੇ ਵੀ ਅਵੇਸਲੇ ਨਹੀਂ ਹੋਏ ਸਗੋਂ ਸਮੇਂ ਸਮੇਂ ਤੇ ਸੇਵਾ ਨਿਭਾ ਰਹੇ ਸਿੰਘਾਂ ਸੇਵਾਦਾਰਾਂ ਨੂੰ ਯੋਗ ਸਲਾਹਾਂ ਵੀ ਦੇਂਦੇ ਰਹੇ ਹਨ ॥

ਅੱਜ 9 ਮਾਰਚ ਦਿਨ ਸ਼ਨੀਵਾਰ 2024 ਨੂੰ ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਜੀ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਜੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਹਰਜਿੰਦਰ ਸਿੰਘ ਧਾਮੀ ਸਮੇਤ ਪੰਥ ਦੀਆਂ ਹੋਰਨਾਂ ਅਹਿਮ ਤੇ ਨਾਮਵਰ ਹਸਤੀਆਂ ਅਤੇ ਸ਼ਹੀਦ ਪਰਿਵਾਰਾਂ ਦੇ ਪਰਿਵਾਰਕ ਮੈਂਬਰਾਂ ਦੀ ਹਾਜ਼ਰੀ ਵਿੱਚ ਸ਼ਹੀਦੀ ਗੈਲਰੀ ਦੀ ਸੇਵਾ ਸੰਪੂਰਨ ਹੋਣ ਤੋਂ ਬਾਅਦ ਅੱਜ ਦਰਸ਼ਨਾਂ ਵਾਸਤੇ ਸਿੱਖ ਸੰਗਤਾਂ ਨੂੰ ਸਮਰਪਿਤ ਕਰ ਦਿੱਤੀ ਹੈ ??

ਸ਼ਹੀਦੀ ਯਾਦਗਾਰ ਤੇ ਸ਼ਹੀਦੀ ਗੈਲਰੀ ਦੀ ਸੇਵਾ ਅਤਿ ਕਠਿਨ ਤੇ ਅਸੰਭਵ ਕਾਰਜ ਸੀ ਜੋ ਗੁਰੂ ਸਾਹਿਬ ਜੀ ਦੀ ਕਿਰਪਾ ਨਾਲ ਤੇ ਸਿੱਖ ਸੰਗਤਾਂ ਦੇ ਸਹਿਯੋਗ ਨਾਲ ਬਾਬਾ ਜੀ ਨੇ ਸੰਭਵ ਕਰ ਵਿਖਾਇਆ ਏ ਤਕਰੀਬਨ ਇਸ ਸਾਰੇ ਕਾਰਜ ਨੂੰ ਸੰਪੂਰਣ ਹੋਣ ਚ ਤੇਰਾਂ ਚੌਦਾਂ ਸਾਲਾਂ ਦਾ ਅਰਸਾ ਲੱਗਿਆ ਏ ਇਸ ਦੌਰਾਨ ਕੀ ਕੀ ਅੜਚਨਾਂ ਕਠਿਨਾਈਆਂ ਆਈਆਂ ਹੋਣਗੀਆਂ ਇਹ ਬਾਬਾ ਜੀ ਬਿਹਤਰ ਜਾਣਦੇ ਹੋਣਗੇ ਪਰ ਬਾਬਾ ਜੀ ਦੇ ਸੁਭਾਅ ਦੀ ਖੂਬੀ ਏ ਉਹ ਇਹਨਾਂ ਗੱਲਾਂ ਦੀ ਚਰਚਾ ਕਦੇ ਸਾਂਝੀ ਨਹੀਂ ਕਰਨਗੇ ਸਗੋਂ ਇੱਕ ਨਿਮਾਣੇ ਸਿੱਖ ਵਾਂਗ ਬਾਰੰਬਾਰ ਗੁਰੂ ਸਾਹਿਬ ਜੀ ਦਾ ਸ਼ੁਕਰਾਨਾ ਹੀ ਕਰਦੇ ਹੋਣਗੇ ਕਿ ਉਹਨਾਂ ਨੇ ਆਪਣੇ ਦਾਸਾਂ ਨੂੰ ਉਹਨਾਂ ਦੇ ਸੋਚੇ ਕਾਰਜ ਕੀਤੇ ਅਹਿਦ ਨੂੰ ਸੰਪੂਰਨ ਕਰਵਾਉਣ ਦਾ ਅਥਾਹ ਬਲ ਬਖਸ਼ਿਸ਼ ਕੀਤਾ ਇਸ ਮਹਾਨ ਸੇਵਾ ਦੀ ਸੰਪੂਰਨਤਾ ਤੇ ਦਾਸ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਜੀ ਦੇ ਚਰਨਾਂ ਤੇ ਨਮਸਕਾਰ ਕਰਦਾ ਹੈ ਉਹਨਾਂ ਦਾ ਇਹ ਕਾਰਜ ਸਦੀਵੀ ਕਾਲ ਵਾਸਤੇ ਸੰਗਤਾਂ ਨੂੰ ਬੀਤੇ ਇਤਿਹਾਸ ਸਟੇਟ ਵੱਲੋਂ ਹੋਏ ਜ਼ੁਲਮ ਤੇ ਸਿੰਘਾਂ ਵੱਲੋਂ ਵਿਖਾਈ ਸੂਰਬੀਰਤਾ ਦੀ ਯਾਦ ਕਰਵਾਉਂਦਾ ਰਹੇਗਾ ?

**-ਹਰਪਾਲ ਸਿੰਘ ਅੰਮ੍ਰਿਤਸਰ**

## ਬਾਬਾ ਜੀ ਦਾ ਅਹਿਦ ਸੰਪੂਰਨ ਹੋਇਆ

# ਸ਼ਹੀਦੀ ਯਾਦਗਾਰ ਤੋਂ ਬਾਅਦ ਸ਼ਹੀਦੀ ਗੈਲਰੀ ਸੰਗਤਾਂ ਨੂੰ ਸਮਰਪਿਤ













ਆਵਾਜ਼ਿ ਕੌਮ
AWAZE QAUM
International Newspaper & WEB TV